# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 19*Issue 202 | Tuesday, October 20, 2020 | Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


## ਨੋਵਾ ਸਕੋਸ਼ੀਆ ਦੇ ਫਿਸ਼ਰਜ਼ ਦਰਮਿਆਨ ਚੱਲ ਰਹੇ ਵਿਵਾਦ ਬਾਰੇ ਐਮਪੀਜ਼ ਨੇ ਕੀਤੀ ਐਮਰਜੰਸੀ ਬਹਿਸ



ਟੋਰਾਂਟੋ, 19 ਅਕਤੂਬਰ (ਪੋਸਟ ਬਿਊਰੋ) : ਨੋਵਾਂ ਸਕੋਸੀਆ ਵਿਚ ਮੂਲਵਾਸੀ ਤੇ ਕਮਰਸ਼ੀਅਲ ਲੌਬਸਟਰ ਫਿਸ਼ਰਜ਼ ਦਰਮਿਆਨ ਚੱਲ ਰਹੇ ਵਿਵਾਦ ਉੱਤੇ ਐਮਪੀਜ਼ ਵੱਲੋਂ ਹਾਊਸ ਆਫ ਕਾਮਨਜ਼ ਵਿੱਚ ਬਹਿਸ ਕੀਤੀ ਜਾ ਰਹੀ ਹੈ।

ਅੱਜ ਹਾਊਸ ਦੀ ਸਿਟਿੰਗ ਕਾਰਨ ਇਹ ਐਮਰਜੰਸੀ ਬਹਿਸ ਕਰਵਾਈ ਜਾ ਰਹੀ ਹੈ ਤੇ ਇਹ ਇਸੇ ਤਰ੍ਹਾਂ ਜਾਰੀ ਰਹੇਗੀ ਜਦੋਂ ਤੱਕ ਕੋਈ ਹੋਰ ਮੈਂਬਰ ਪਾਰਲੀਆਮੈਂਟ ਆਪਣੀ ਗੱਲ ਨਹੀਂ ਰੱਖੇਗਾ। ਸੋਮਵਾਰ ਸਵੇਰੇ, ਫੈਡਰਲ ਮੰਤਰੀਆਂ ਵੱਲੋਂ ਨੋਵਾ ਸਕੋਸ਼ੀਆ ਦੇ ਮੂਲਵਾਸੀ ਫਿਸ਼ਰਜ਼ ਖਿਲਾਫ ਜਾਰੀ ਹਿੰਸਕ ਕਾਰਵਾਈ ਦੀ ਨਿਖੇਧੀ ਕੀਤੀ ਗਈ। ਇਸ ਦੇ ਨਾਲ ਹੀ ਮੂਲਵਾਸੀ ਫਿਸ਼ਰਮੈਨ ਦੇ ਕਮਰਸ਼ੀਅਲ ਫਿਸ਼ਰਮੈਨ ਨਾਲ ਚੱਲ ਰਹੇ ਵਿਵਾਦ ਨੂੰ ਸ਼ਾਂਤਮਈ ਢੰਗ ਨਾਲ ਹੱਲ ਕਰਨ ਦੀ ਮੰਗ ਵੀ ਕੀਤੀ ਗਈ।

ਐਨਡੀਪੀ ਤੇ ਚਾਰ ਹੋਰ ਕੈਬਨਿਟ ਮੰਤਰੀਆਂ ਵੱਲੋਂ ਇਸ ਮਾਮਲੇ ਦੇ ਸਬੰਧ ਵਿੱਚ ਹਾਊਸ ਆਫ ਕਾਮਨਜ਼ ਵਿੱਚ ਬਹਿਸ ਕਰਵਾਉਣ ਦੀ ਅਪੀਲ ਕੀਤੀ ਗਈ। ਜ਼ਿਕਰਯੋਗ ਹੈ ਕਿ ਇਹ ਮਸਲਾ ਉਸ ਸਮੇਂ ਹੋਰ ਗਰਮਾ ਗਿਆ ਜਦੋਂ ਵੀਕੈਂਡ ਉੱਤੇ ਮਿਕਮਾਕ ਫਿਸ਼ਰਜ਼ ਵੱਲੋਂ ਵਰਤਿਆ ਜਾਣ ਵਾਲਾ ਲੌਬਸਟਰ ਪਾਊਂਡ ਅੱਗ ਲੱਗਣ ਕਾਰਨ ਤਬਾਹ ਹੋ ਗਿਆ। ਪਬਲਿਕ ਸੇਫਟੀ ਮੰਤਰੀ ਬਿੱਲ ਬਲੇਅਰ ਨੇ ਆਖਿਆ ਕਿ ਇਸ ਤਰ੍ਹਾਂ ਜਾਰੀ ਹਿੰਸਾ ਤੇ ਨਸਲੀ ਧਮਕੀਆਂ ਨਾਲ ਅਸੀਂ ਕਿਸੇ ਹੱਲ ਉੱਤੇ ਨਹੀਂ ਪਹੁੰਚ ਸਕਾਂਗੇ। ਉਨ੍ਹਾਂ ਆਖਿਆ ਕਿ ਹਿੰਸਾ ਲਈ ਜ਼ਿੰਮੇਵਾਰ ਲੋਕਾਂ ਨੂੰ ਬਖਸ਼ਿਆ ਨਹੀਂ ਜਾਵੇਗਾ ਤੇ ਆਰਸੀਐਮਪੀ ਇਸ ਤਰ੍ਹਾਂ ਦੀ ਹਿੰਸਾ ਨਾਲ ਸਬੰਧਤ ਕਈ ਵੀਡੀਓਜ਼ ਦਾ ਮੁਲਾਂਕਣ ਕਰ ਰਹੀ ਹੈ।

ਜ਼ਿਕਰਯੋਗ ਹੈ ਕਿ ਵਿਵਾਦਗ੍ਰਸਤ ਮੁੱਦਿਆਂ ਵਿੱਚ ਮੂਲਵਾਸੀ ਲੋਕਾਂ ਦਾ ਉਹ ਅਧਿਕਾਰ ਵੀ ਸ਼ਾਮਲ ਹੈ ਜਿਸ ਲਈ ਉਨ੍ਹਾਂ ਨੂੰ ਗੁਜ਼ਾਰੇ ਲਾਇਕ ਰੋਜ਼ੀ ਰੋਟੀ ਕਮਾਉਣ ਦੀ ਮੰਗ ਕੀਤੀ ਗਈ ਹੈ ਤੇ ਫੈਡਰਲ ਸਰਕਾਰ ਵੱਲੋਂ ਨਿਰਧਾਰਤ ਫਿਸ਼ਿੰਗ ਸੀਜ਼ਨ ਤੋਂ ਬਾਹਰ ਵੀ ਉਨ੍ਹਾਂ ਨੂੰ ਮੱਛੀਆਂ ਫੜ੍ਹਨ ਦੀ ਖੁੱਲ੍ਹ ਦੇਣ ਦੀ ਮੰਗ ਸ਼ਾਮਲ ਹੈ। ਇਸ ਅਧਿਕਾਰ ਨੂੰ ਸੈਂਕੜੇ ਸਾਲ ਪਹਿਲਾਂ ਹੋਈਆਂ ਸੰਧੀਆਂ ਵਿੱਚ ਕਾਇਮ ਕੀਤਾ ਗਿਆ ਸੀ ਤੇ ਇਸ ਨੂੰ 1999 ਵਿੱਚ ਸੁਪਰੀਮ ਕੋਰਟ ਵੱਲੋਂ ਵੀ ਬਹਾਲ ਰੱਖਿਆ ਗਿਆ।

ਇਸ ਦੌਰਾਨ ਸਾਈਪਨੇਕਾਤਿਕ ਚੀਫ ਮਾਈਕ ਸੈਕ ਨੇ ਆਖਿਆ ਕਿ ਜੇ ਫੈਡਰਲ ਸਰਕਾਰ ਮਿਕਮਾਕ ਨਾਲ ਗੱਲਬਾਤ ਕਰਕੇ ਇਹ ਪਰਿਭਾਸ਼ਤ ਨਹੀਂ ਕਰੇਗੀ ਕਿ ਗੁਜ਼ਾਰੇ ਲਾਇਕ ਰੋਜ਼ੀ ਰੋਟੀ ਦੀ ਕੀ ਪਰਿਭਾਸ਼ਾ ਹੈ ਤਾਂ ਅਸੀਂ ਆਪਣੇ ਆਪ ਅਜਿਹਾ ਕਰ ਲਵਾਂਗੇ। ਕਈ ਸਾਲ ਪਹਿਲਾਂ ਦੋਵਾਂ ਧਿਰਾਂ ਦਰਮਿਆਨ ਜੋ ਸੰਧੀ ਹੋਈ ਸੀ ਉਸ ਨੂੰ ਉਸੇ ਤਰ੍ਹਾਂ ਲਾਗੂ ਨਹੀਂ ਕੀਤਾ ਜਾ ਰਿਹਾ ਜਿਸ ਤਰ੍ਹਾਂ ਕੀਤਾ ਜਾਣਾ ਚਾਹੀਦਾ ਸੀ। ਸੋ ਜੇ ਉਹ ਅਜਿਹਾ ਕਰਨ ਦੇ ਸਮਰੱਥ ਨਹੀਂ ਹਨ ਤਾਂ ਅਸੀਂ ਆਪ ਹੀ ਇਸ ਨੂੰ ਪਰਿਭਾਸ਼ਤ ਕਰ ਲਵਾਂਗੇ।

## ਕੈਨੇਡਾ-ਅਮਰੀਕਾ ਸਰਹੱਦੀ ਪਾਬੰਦੀਆਂ 21 ਨਵੰਬਰ ਤੱਕ ਵਧਾਈਆਂ ਗਈਆਂ



ਓਟਵਾ, 19 ਅਕਤੂਬਰ (ਪੋਸਟ ਬਿਊਰੋ) : ਕੈਨੇਡਾ ਵੱਲੋਂ ਅਮਰੀਕਾ ਨਾਲ ਗੈਰ ਜ਼ਰੂਰੀ ਸਰਹੱਦੀ ਪਾਬੰਦੀਆਂ 21 ਨਵੰਬਰ ਤੱਕ ਵਧਾ ਦਿੱਤੀਆਂ ਗਈਆਂ ਹਨ।

ਪਬਲਿਕ ਸੇਫਟੀ ਤੇ ਐਮਰਜੰਸੀ ਪ੍ਰੀਪੇਅਰਡਨੈੱਸ ਮੰਤਰੀ ਬਿੱਲ ਬਲੇਅਰ ਨੇ ਇਸ ਸਬੰਧ ਵਿੱਚ ਸੋਮਵਾਰ ਸਵੇਰੇ ਐਲਾਨ ਕੀਤਾ। ਉਨ੍ਹਾਂ ਆਖਿਆ ਕਿ ਕੈਨੇਡੀਅਨਾਂ ਨੂੰ ਸੁਰੱਖਿਅਤ ਰੱਖਣ ਲਈ ਸਾਡਾ ਫੈਸਲਾ ਪਬਲਿਕ ਹੈਲਥ ਦੀ ਐਡਵਾਈਜ਼ ਉੱਤੇ ਹੀ ਆਧਾਰਿਤ ਰਹੇਗਾ।

ਪਿਛਲੇ ਮਹੀਨੇ ਇਹ ਐਲਾਨ ਕੀਤਾ ਗਿਆ ਸੀ ਕਿ ਕੈਨੇਡਾ ਅਮਰੀਕਾ ਸਰਹੱਦ ਗੈਰ ਜ਼ਰੂਰੀ ਆਵਾਜਾਈ ਲਈ 21 ਅਕਤੂਬਰ ਤੱਕ ਬੰਦ ਰਹੇਗੀ।

## ਭ੍ਰਿਸ਼ਟਾਚਾਰ ਵਿਰੋਧੀ ਕਮੇਟੀ ਕਾਇਮ ਕਰਨ ਦੀ ਮੰਗ ਤੋਂ ਬਚਣ ਲਈ ਹਰ ਹੀਲਾ ਵਰਤ ਰਹੀ ਹੈ ਫੈਡਰਲ ਸਰਕਾਰ



ਓਟਵਾ, 19 ਅਕਤੂਬਰ (ਪੋਸਟ ਬਿਊਰੋ) : ਵਿਰੋਧੀ ਧਿਰਾਂ ਵੱਲੋਂ ਵੁਈ ਚੈਰਿਟੀ ਵਿਵਾਦ ਨੂੰ ਮੁੜ ਸੁਰਜੀਤ ਕੀਤੇ ਜਾਣ ਦੀਆਂ ਕੋਸ਼ਿਸ਼ਾਂ ਨੂੰ ਦਬਾਉਣ ਲਈ ਫੈਡਰਲ ਸਰਕਾਰ ਹਰ ਹੀਲਾ ਵਰਤਣ ਦੀ ਕੋਸ਼ਿਸ਼ ਕਰ ਰਹੀ ਹੈ। ਫੈਡਰਲ ਸਰਕਾਰ ਵੱਲੋਂ ਇਹ ਵੀ ਆਖਿਆ ਜਾ ਰਿਹਾ ਹੈ ਕਿ ਕੰਜ਼ਰਵੇਟਿਵਾਂ ਵੱਲੋਂ ਭ੍ਰਿਸ਼ਟਾਚਾਰ ਵਿਰੋਧੀ ਕਮੇਟੀ ਕਾਇਮ ਕਰਨ ਦੀ ਕੀਤੀ ਜਾ ਰਹੀ ਮੰਗ ਨਾਲ ਇਹ ਸਵਾਲ ਖੜ੍ਹਾ ਹੁੰਦਾ ਹੈ ਕਿ ਕੀ ਸਰਕਾਰ ਵਿੱਚ ਹਾਊਸ ਆਫ ਕਾਮਨਜ਼ ਨੂੰ ਅਜੇ ਵੀ ਭਰੋਸਾ ਹੈ?

ਸਰਕਾਰ ਵੱਲੋਂ ਅਜੇ ਇਹ ਸਪਸ਼ਟ ਨਹੀਂ ਕੀਤਾ ਗਿਆ ਕਿ ਉਹ ਇਸ ਪ੍ਰਸਤਾਵ ਦਾ ਮੁਲਾਂਕਣ ਕਰ ਰਹੀ ਹੈ ਜਾਂ ਨਹੀਂ। ਪਰ ਸਰਕਾਰ ਦੇ ਹਾਊਸ ਲੀਡਰ ਪਾਬਲੋ ਰੌਡਰਿਗਜ਼ ਵੱਲੋਂ ਆਪਣੇ ਹਮਰੁਤਬਾ ਵਿਰੋਧੀ ਆਗੂਆਂ ਨੂੰ ਲਿਖੇ ਪੱਤਰ ਵਿੱਚ ਆਖਿਆ ਗਿਆ ਕਿ ਜੇ ਐਮਪੀਜ਼ ਨਵੇਂ ਸਿਰੇ ਤੋਂ ਜਾਂਚ ਕਰਵਾਉਣ ਦੇ ਹੱਕ ਵਿੱਚ ਹਨ ਤਾਂ ਇਸ ਨਾਲ ਇਹੋ ਪ੍ਰਭਾਵ ਜਾਵੇਗਾ ਕਿ ਘੱਟ ਗਿਣਤੀ ਲਿਬਰਲ ਸਰਕਾਰ ਵਿੱਚ ਹੁਣ ਭਰੋਸਾ ਨਹੀਂ ਰਿਹਾ।

ਉਨ੍ਹਾਂ ਇਹ ਵੀ ਲਿਖਿਆ ਕਿ ਕੰਜ਼ਰਵੇਟਿਵਾਂ ਦਾ ਅਜਿਹਾ ਪ੍ਰਸਤਾਵ ਸਿਆਸੀ ਵੰਡੀਆਂ ਪਾਉਣ ਵਾਲਾ ਹੈ। ਇਹ ਸਰਕਾਰ ਨੂੰ ਡੇਗਣ ਲਈ ਹੀ ਤਿਆਰ ਕੀਤਾ ਗਿਆ ਹੈ। ਜੇ ਇਹ ਪ੍ਰਸਤਾਵ ਪਾਸ ਹੋ ਜਾਂਦਾ ਹੈ ਤਾਂ ਇਸ ਨਾਲ ਇਹ ਸਵਾਲ ਖੜ੍ਹਾ ਹੋ ਜਾਵੇਗਾ ਕਿ ਕੀ ਅਜੇ ਵੀ ਸਰਕਾਰ ਵਿੱਚ ਹਾਊਸ ਆਫ ਕਾਮਨਜ਼ ਨੂੰ ਭਰੋਸਾ ਹੈ। ਬਾਅਦ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰੌਡਰਿੱਗਜ਼ ਨੇ ਆਖਿਆ ਕਿ ਇਹ ਮਤਾ ਇਸ ਗੱਲ ਦਾ ਸੰਕੇਤ ਹੈ ਕਿ ਕੰਜ਼ਰਵੇਟਿਵਾਂ ਨੂੰ ਸਰਕਾਰ ਵੱਲੋਂ ਕੀਤੇ ਜਾ ਰਹੇ ਕਿਸੇ ਵੀ ਕੰਮ ਵਿੱਚ ਯਕੀਨ ਨਹੀਂ ਹੈ। ਇਸ ਤਰ੍ਹਾਂ ਦੇ ਪ੍ਰਸਤਾਵ ਲਿਆਉਣ ਨਾਲ ਕੋਵਿਡ-19 ਵਰਗੀ ਮਹਾਂਮਾਰੀ ਤੋਂ ਧਿਆਨ ਭਟਕ ਜਾਵੇਗਾ ਤੇ ਅਸੀਂ ਮਹਾਂਮਾਰੀ ਖਿਲਾਫ ਜੰਗ ਵਿੱਚ ਪਛੜ ਜਾਵਾਂਗੇ।

ਰੌਡਰਿੱਗਜ਼ ਨੇ ਆਸ ਪ੍ਰਗਟਾਈ ਕਿ ਬਲਾਕ ਕਿਊਬਿਕੁਆ ਤੇ ਐਨਡੀਪੀ ਨਾਲ ਚੱਲ ਰਹੀ ਗੱਲਬਾਤ ਵਿੱਚ ਸਾਂਝਾ ਆਧਾਰ ਲੱਭ ਲਿਆ ਜਾਵੇਗਾ।

ਇਸ ਦੌਰਾਨ ਕੰਜ਼ਰਵੇਟਿਵ ਹਾਊਸ ਲੀਡਰ ਗੇਰਾਰਡ ਡੈਲਟੈਲ ਨੇ ਆਖਿਆ ਕਿ ਲਿਬਰਲਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਉਹ ਆਪਣਾ ਆਧਾਰ ਗੁਆ ਚੁੱਕੇ ਹਨ ਤੇ ਹਾਊਸ ਆਫ ਕਾਮਨਜ਼ ਵਿੱਚ ਉਨ੍ਹਾਂ ਨੂੰ ਬਹੁਮਤ ਹਾਸਲ ਨਹੀਂ ਹੋਣ ਵਾਲਾ। ਇਸ ਦੌਰਾਨ ਇਹ ਵੀ ਪਤਾ ਲੱਗਿਆ ਹੈ ਕਿ ਵੁਈ ਚੈਰਿਟੀ ਮਾਮਲੇ ਵਿੱਚ ਸਰਕਾਰ ਤੇ ਚੈਰਿਟੀ, ਵਿਰੋਧੀ ਧਿਰ ਨੂੰ ਸ਼ਾਂਤ ਕਰਨ ਲਈ ਹੋਰ ਦਸਤਾਵੇਜ਼ ਜਾਰੀ ਕਰਨ ਬਾਰੇ ਵੀ ਵਿਚਾਰ ਕਰ ਰਹੀ ਹੈ।

## ਟੋਰਾਂਟੋ ਪਬਲਿਕ ਲਾਇਬ੍ਰੇਰੀ ਦੀਆਂ ਵੱਖ ਵੱਖ ਬ੍ਰਾਂਚਾਂ ਵਿੱਚ ਕੋਵਿਡ-19 ਦੇ ਦਸ ਕੇਸ ਆਏ ਪਾਜ਼ੀਟਿਵ



ਟੋਰਾਂਟੋ, 19 ਅਕਤੂਬਰ (ਪੋਸਟ ਬਿਊਰੋ) : ਟੋਰਾਂਟੋ ਪਬਲਿਕ ਲਾਇਬ੍ਰੇਰੀ ਦਾ ਕਹਿਣਾ ਹੈ ਕਿ ਜੀਟੀਏ ਵਿੱਚ ਉਨ੍ਹਾਂ ਦੀਆਂ ਅੱਠ ਬ੍ਰਾਂਚਿਜ਼ ਵਿੱਚ 10 ਵਿਅਕਤੀ ਕੋਵਿਡ-19 ਪਾਜ਼ੀਟਿਵ ਪਾਏ ਗਏ।

ਇੱਥੋਂ ਦੀ ਇੱਕ ਤਰਜ਼ਮਾਨ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਪੰਜ ਮੁਲਾਜ਼ਮਾਂ ਤੇ ਪੰਜ ਵਿਜ਼ੀਟਰਜ਼ ਨੂੰ ਮਿਲਾ ਕੇ ਇਹ 10 ਮਾਮਲੇ ਬਣੇ ਹਨ। ਇਹ ਬ੍ਰਾਂਚਾਂ ਹੇਠ ਲਿਖੀਆਂ ਹਨ :

- ਲਿਲੀਅਨ ਐਚ ਸਮਿੱਥ
- ਰਿਚਵਿਊ
- ਗਿਲਡਵੁੱਡ
- ਗੋਲਡਹਾਕ ਪਾਰਕ
- ਮਾਰੀਆ ਏ ਸਚੂਕਾ
- ਨੌਰਦਰਨ ਡਿਸਟ੍ਰਿਕਟ
- ਸੇਂਟ ਲਾਅਰੈਂਸ
- ਟੋਰਾਂਟੋ ਰੈਫਰੈਂਸ ਲਾਇਬ੍ਰੇਰੀ

ਟੀਪੀਐਲ ਦਾ ਕਹਿਣਾ ਹੈ ਕਿ ਪਿਛਲੇ ਹਫਤੇ ਕੋਈ ਵੀ ਹੋਰ ਪਾਜ਼ੀਟਿਵ ਕੇਸ ਰਿਪੋਰਟ ਨਹੀਂ ਕੀਤਾ ਗਿਆ ਹੈ ਤੇ ਇਹ ਬ੍ਰਾਂਚਾਂ ਮੁੜ ਖੁੱਲ੍ਹ ਚੁੱਕੀਆਂ ਹਨ। ਲਾਇਬ੍ਰੇਰੀ ਦਾ ਕਹਿਣਾ ਹੈ ਕਿ ਬਹੁਤੇ ਮਾਮਲਿਆਂ ਵਿੱਚ ਪਾਜ਼ੀਟਿਵ ਆਉਣ ਵਾਲੇ ਮੁਲਾਜ਼ਮਾਂ ਨੂੰ 14 ਦਿਨਾਂ ਲਈ ਘਰ ਹੀ ਰਹਿਣ ਦੀ ਸਲਾਹ ਦਿੱਤੀ ਜਾਂਦੀ ਹੈ।


Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Axcel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI 416.994.7272
www.allkindinsurance.com

INSURANCE
Home | Auto
Business | Trucking
Life Insurance | Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axcel InsuranceBrokers Ltd. 1332 Khalsa Dr, Unit # 11, Mississauga, ON L5S 0A2

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Royal Pest Control
Residential | Commercial | Industrial
Specialist in Bedbugs Service
All Pest Control :
Mouse & Rats | Spiders & Fleas | Bedbugs | Wasps
Cockroaches | Carpenter Ants | Silver Fish | Racoons
Call : PARESH PATEL
416 938 4598

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets | Completly Furnished Legal Basement | Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

N M Money Exchange
ਦੁਨੀਆਂ ਦੇ ਕਿਸੇ ਵੀ ਕੋਨੇ ਤੋਂ ਪੈਸੇ ਮੰਗਵਾਉਣ ਅਤੇ ਭੇਜਣ ਦਾ ਮੌਕਾ ਜ਼ਰੂਰ ਦਿਓ
Best INR Rate
Fastest Service
24x7 Service
Secure Transaction
Special Business Account
Send - Exchange - Receive
Toll Free: 1833 823 5439 | 647 783 0049

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ


MANN LAW FIRM
Real Estate Law | Business Law
Wills & Estates | Family Law
Power of Attorney | Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗ੍ਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟਾਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।
1200 Derry Road E, #15, Mississauga, ON L5T 0B3
Shinder Kelley
905-362-0755

You can Place Your Business Here To Reach Wider Audience


NOW HIRING
U.S. CROSS BORDER SINGLES & TEAMS AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE
TALK, TEXT &
DATA PLAN
4.5GB
$40/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
905-451-0379
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2020

# ਅਲਾਸਕਾ ਵਿੱਚ ਆਇਆ ਜ਼ਬਰਦਸਤ ਭੂਚਾਲ, ਸੁਨਾਮੀ ਦਾ ਖਤਰਾ ਟਲਿਆ



ਅਲਾਸਕਾ, 19 ਅਕਤੂਬਰ (ਪੋਸਟ ਬਿਊਰੋ) : ਸੋਮਵਾਰ ਦੁਪਹਿਰ ਨੂੰ ਅਲਾਸਕਾ ਦੇ ਤੱਟੀ ਇਲਾਕੇ ਵਿੱਚ ਆਏ 7.5 ਮੈਗਨੀਚਿਊਡ ਦੇ ਭੂਚਾਲ ਤੋਂ ਬਾਅਦ ਪੈਦਾ ਹੋਇਆ ਸੁਨਾਮੀ ਦਾ ਖਤਰਾ ਟਲ ਗਿਆ। ਅਧਿਕਾਰੀਆਂ ਦਾ ਕਹਿਣਾ ਹੈ ਕਿ ਬੀਸੀ ਵਿੱਚ ਵੀ ਇਸ ਨਾਲ ਕੋਈ ਖਤਰਾ ਨਹੀਂ ਹੈ।

ਦੱਖਣੀ ਅਲਾਸਕਾ ਤੇ ਅਲਾਸਕਾ ਪੈਨਿਨਸੁਲਾ ਦੇ ਕਈ ਹਿੱਸਿਆਂ ਵਿੱਚ ਦੁਪਹਿਰ ਦੇ 2:00 ਵਜੇ ਤੋਂ ਬਾਅਦ ਚੇਤਾਵਨੀ ਜਾਰੀ ਕੀਤੀ ਗਈ ਸੀ ਪਰ 3:15 ਤੱਕ ਕਿਸੇ ਵੀ ਤਰ੍ਹਾਂ ਦੇ ਖਤਰੇ ਤੋਂ ਇਨਕਾਰ ਕਰ ਦਿੱਤਾ ਗਿਆ ਤੇ ਵਾਰਨਿੰਗ ਹਟਾ ਦਿੱਤੀ ਗਈ। 4:15 ਵਜੇ ਬੀਸੀ ਦੇ ਐਮਰਜੰਸੀ ਅਧਿਕਾਰੀਆਂ ਨੇ ਵੀ ਇਸ ਗੱਲ ਦੀ ਪੁਸ਼ਟੀ ਕਰ ਦਿੱਤੀ ਕਿ ਕੈਨੇਡਾ ਦੇ ਪੱਛਮੀ ਤੱਟ ਨੂੰ ਕੋਈ ਖਤਰਾ ਨਹੀਂ ਹੈ।

ਭੂਚਾਲ ਤੋਂ ਫੌਰਨ ਬਾਅਦ ਅਮਰੀਕੀ ਅਧਿਕਾਰੀਆਂ ਵੱਲੋਂ ਭੂਚਾਲ ਦੇ ਕੇਂਦਰ ਤੋਂ 300 ਕਿਲੋਮੀਟਰ ਦੇ ਦਾਇਰੇ ਵਿੱਚ ਸੁਨਾਮੀ ਲਹਿਰਾਂ ਆਉਣ ਦੀ ਚੇਤਾਵਨੀ ਜਾਰੀ ਕੀਤੀ ਗਈ ਸੀ। ਇਨ੍ਹਾਂ ਇਲਾਕਿਆਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਉੱਚੀਆਂ ਥਾਂਵਾਂ ਉੱਤੇ ਜਾਣ ਦੀ ਸਲਾਹ ਵੀ ਦਿੱਤੀ ਗਈ ਸੀ। ਇਸ ਭੂਚਾਲ ਦਾ ਬਹੁਤਾ ਅਸਰ ਦੱਖਣੀ ਤੱਟ ਦੇ ਨਾਲ ਰਹਿਣ ਵਾਲੇ ਲੋਕਾਂ, ਜਿਨ੍ਹਾਂ ਵਿੱਚ ਸੈਂਡ ਪੁਆਇੰਟ, ਚਿਗਨਿਕ, ਉਨਾਲਾਸਕਾ ਤੇ ਕੇਨਾਇ ਪੈਨਿਨਸੁਲਾ ਸ਼ਾਮਲ ਹਨ, ਉੱਤੇ ਵੇਖਣ ਨੂੰ ਮਿਲਿਆ। ਭੂਚਾਲ ਤੋਂ 11 ਮਿੰਟ ਬਾਅਦ ਇਸੇ ਇਲਾਕੇ ਵਿੱਚ ਹੀ 5.2 ਮੈਗਨੀਚਿਊਡ ਦਾ ਝਟਕਾ ਵੀ ਮਹਿਸੂਸ ਕੀਤਾ ਗਿਆ।

# ਕੈਨਸਿੰਗਟਨ ਮਾਰਕਿਟ ਵਿੱਚ ਲੱਗੀ ਜ਼ਬਰਦਸਤ ਅੱਗ



ਟੋਰਾਂਟੋ, 19 ਅਕਤੂਬਰ (ਪੋਸਟ ਬਿਊਰੋ) : ਕੈਨਸਿੰਗਟਨ ਮਾਰਕਿਟ ਵਿੱਚ ਰਾਤ ਭਰ ਲੱਗੀ ਜ਼ਬਰਦਸਤ ਅੱਗ ਉੱਤੇ ਕਾਬੂ ਪਾਉਣ ਲਈ ਟੋਰਾਂਟੋ ਫਾਇਰਫਾਈਟਰਜ਼ ਮਸ਼ੱਕਤ ਕਰਦੇ ਰਹੇ।

ਟੋਰਾਂਟੋ ਫਾਇਰ ਸਰਵਿਸਿਜ਼ ਨੂੰ ਸ਼ਨਿੱਚਰਵਾਰ ਰਾਤੀਂ 11:55 ਉੱਤੇ ਆਗਸਤਾ ਐਵਨਿਊ ਤੇ ਬਾਲਡਵਿਨ ਸਟਰੀਟ ਏਰੀਆ ਉੱਤੇ ਲੱਗੀ ਅੱਗ ਬੁਝਾਉਣ ਲਈ ਸੱਦਿਆ ਗਿਆ।

ਅਜੇ ਤੱਕ ਕਿਸੇ ਦੇ ਜ਼ਖ਼ਮੀ ਹੋਣ ਦੀ ਖਬਰ ਨਹੀਂ ਹੈ। ਅੱਗ ਲੱਗਣ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

# ਹਥਿਆਰਬੰਦ ਵਿਅਕਤੀ ਕਾਰਨ ਸੱਤ ਸਕੂਲਾਂ ਵਿੱਚ ਬਣਿਆ ਰਿਹਾ ਦਹਿਸ਼ਤ ਵਾਲਾ ਮਾਹੌਲ

ਟੋਰਾਂਟੋ, 19 ਅਕਤੂਬਰ (ਪੋਸਟ ਬਿਊਰੋ) : ਇੱਕ ਵਿਅਕਤੀ ਦੇ ਦੋ ਗੰਨਜ਼ ਨਾਲ ਘੁੰਮਦਾ ਪਾਏ ਜਾਣ ਕਾਰਨ ਐਗਲਿੰਟਨ ਐਵਨਿਊ ਵੈਸਟ ਇਲਾਕੇ ਵਿੱਚ ਸਥਿਤ ਘੱਟੋ ਘੱਟ ਸੱਤ ਸਕੂਲਾਂ ਵਿੱਚ ਦਹਿਸ਼ਤ ਵਾਲਾ ਮਾਹੌਲ ਬਣਿਆ ਰਿਹਾ।




ਇਸ ਵਿਅਕਤੀ ਨੇ ਸਵੈਟ ਦੀ ਯੂਨੀਫੌਰਮ, ਬੈਲਾਕਲਾਵਾ ਤੇ ਆਰਮੀ ਕੈਪ ਪਾਈ ਹੋਈ ਸੀ। ਅਧਿਕਾਰੀਆਂ ਨੇ ਦੱਸਿਆ ਕਿ ਪਹਿਲੀ ਕਾਲ ਸਵੇਰੇ 6:00 ਵਜੇ ਆਈ ਜਦੋਂ ਲੋਕਾਂ ਨੇ ਇੱਕ ਵਿਅਕਤੀ ਨੂੰ ਕਈ ਗੰਨਜ਼ ਨਾਲ ਇਲਾਕੇ ਵਿੱਚ ਘੁੰਮਦਿਆਂ ਵੇਖਿਆ। ਉਸੇ ਸਮੇਂ ਨੇੜਲੇ ਸਕੂਲਾਂ ਵਿੱਚ ਚੌਕਸੀ ਤੇ ਸੁਰੱਖਿਆ ਵਧਾ ਦਿੱਤੀ ਗਈ।

ਜਿਨਾਂ ਚਿਰ ਵਿਦਿਆਰਥੀ ਘਰ ਨਹੀਂ ਗਏ ਉਨਾਂ ਚਿਰ ਅਧਿਕਾਰੀ ਸਕੂਲਾਂ ਦੇ ਬਾਹਰ ਬਣੇ ਰਹੇ। ਦੁਪਹਿਰੇ 3:00 ਵਜੇ ਜਾਰੀ ਕੀਤੇ ਬਿਆਨ ਵਿੱਚ ਪੁਲਿਸ ਨੇ ਆਖਿਆ ਕਿ ਇਸ ਮਾਮਲੇ ਦੀ ਜਾਂਚ ਚੱਲ ਰਹੀ ਹੈ ਤੇ ਮਸ਼ਕੂਕ ਅਜੇ ਤੱਕ ਨਹੀਂ ਮਿਲਿਆ ਹੈ ਤੇ ਨਾ ਹੀ ਨਜ਼ਰ ਆਇਆ ਹੈ। ਟੋਰਾਂਟੋ ਪੁਲਿਸ ਨੇ ਦੂਜੇ ਟਵੀਟ ਵਿੱਚ ਆਖਿਆ ਕਿ ਜਾਂਚਕਾਰ ਚਸ਼ਮਦੀਦਾਂ ਦੀ ਇੰਟਰਵਿਊ ਲੈ ਰਹੇ ਹਨ ਤੇ ਵੀਡੀਓ ਦਾ ਮੁਲਾਂਕਣ ਕਰ ਰਹੇ ਹਨ।

# ਪ੍ਰੀਖਿਆਵਾਂ ਨਾ ਕਰਵਾਉਣ ਨਾਲ ਸਾਡੇ ਪੋਸਟ ਸੈਕੰਡਰੀ ਪਲੈਨਜ਼ ਉਤੇ ਨਹੀ ਪਵੇਗਾ ਕੋਈ ਅਸਰ : ਯੂਨੀਵਰਸਿਟੀਜ਼

ਓਨਟਾਰੀਓ, 19 ਅਕਤੂਬਰ (ਪੋਸਟ ਬਿਊਰੋ): ਮਹਾਂਮਾਰੀ ਦੌਰਾਨ ਓਨਟਾਰੀਓ ਦੇ ਕਈ ਸਕੂਲ ਬੋਰਡਜ਼ ਵੱਲੋਂ ਵਿਦਿਆਰਥੀਆ ਦੇ ਇਮਤਿਹਾਨ ਨਾ ਲੈਣ ਦਾ ਫੈਸਲਾ ਕੀਤਾ ਗਿਆ ਹੈ। ਇਸ ਬਾਰੇ ਯੂਨੀਵਰਸਿਟੀਜ਼ ਦਾ ਕਹਿਣਾ ਹੈ ਕਿ ਇਸ ਨਾਲ ਉਨ੍ਹਾਂ ਦੇ ਪੋਸਟ ਸੈਕੰਡਰੀ ਪਲੈਨਜ਼ ਉੱਤੇ ਕੋਈ ਅਸਰ ਨਹੀਂ ਪਵੇਗਾ।



ਟੋਰਾਂਟੋ, ਪੀਲ ਰੀਜਨ ਤੇ ਦਰਹਾਮ ਰੀਜਨ ਦੇ ਸਕੂਲ ਬੋਰਡਜ਼ ਵੱਲੋਂ ਇਮਤਿਹਾਨ ਰੱਦ ਕਰਨ ਦਾ ਐਲਾਨ ਕੀਤਾ ਗਿਆ ਹੈ। ਇਨ੍ਹਾਂ ਬੋਰਡਜ਼ ਦਾ ਕਹਿਣਾ ਹੈ ਕਿ ਅਜਿਹਾ ਵਿਦਿਆਰਥੀਆਂ ਦੇ ਮਨਾਂ ਉੱਤੇ ਪਏ ਬੋਝ ਨੂੰ ਘੱਟ ਕਰਨ ਲਈ ਕੀਤਾ ਗਿਆ ਹੈ। ਇਸ ਦੇ ਨਾਲ ਹੀ ਬੋਰਡ ਨਹੀਂ ਚਾਹੁੰਦੇ ਕਿ ਵਿਦਿਆਰਥੀਆਂ ਨੂੰ ਹਾਸਲ ਹੋਣ ਵਾਲੀ ਸਿੱਖਿਆ ਦੇ ਮਿਆਰ ਉੱਤੇ ਨਕਾਰਾਤਮਕ ਅਸਰ ਪਵੇ।

ਦੂਜੇ ਪਾਸੇ ਯੂਨੀਵਰਸਿਟੀ ਆਫ ਟੋਰਾਂਟੋ ਦੇ ਪ੍ਰੋਵੋਸਟ ਐਡਵਾਈਜ਼ਰ ਡਵੇਨ ਬੈਂਜਾਮਿਨ ਨੇ ਆਖਿਆ ਕਿ ਜਦੋਂ ਦਾਖਲਿਆਂ ਦਾ ਸਮਾਂ ਆਵੇਗਾ ਉਦੋਂ ਯੂਨੀਵਰਸਿਟੀ ਲਚੀਲੀ ਪਹੁੰਚ ਅਪਨਾਉਣ ਲਈ ਤਿਆਰ ਰਹੇਗੀ। ਉਨ੍ਹਾਂ ਆਖਿਆ ਕਿ ਸਾਨੂੰ ਜਿਹੜੇ ਵੀ ਗ੍ਰੇਡ ਮੁਹੱਈਆ ਕਰਵਾਏ ਜਾਣਗੇ ਅਸੀ ਉਨ੍ਹਾਂ ਨਾਲ ਕੰਮ ਸਾਰਨ ਦੀ ਕੋਸ਼ਿਸ਼ ਕਰਾਂਗੇ।

ਰਾਇਰਸਨ ਯੂਨੀਵਰਸਿਟੀ ਦਾ ਕਹਿਣਾ ਹੈ ਕਿ ਹਾਈ ਸਕੂਲ ਅਧਿਆਪਕ ਵਿਦਿਆਰਥੀਆਂ ਦੇ ਅੰਕਾਂ ਦੇ ਮੁਲਾਂਕਣ ਦਾ ਜਿਹੜਾ ਵੀ ਤਰੀਕਾ ਅਪਨਾਉਣਗੇ, ਫਿਰ ਭਾਵੇਂ ਉਸ ਵਿੱਚ ਫਾਈਨਲ ਪ੍ਰੀਖਿਆ ਹੋਵੇ ਜਾਂ ਨਾ, ਉਹ ਫਾਈਨਲ ਗ੍ਰੇਡਜ਼ ਨੂੰ ਸਵੀਕਾਰ ਕਰਨਗੇ। ਯੂਨੀਵਰਸਿਟੀ ਆਫ ਵਾਟਰਲੂ ਨੇ ਵੀ ਇਹ ਸਪਸ਼ਟ ਕੀਤਾ ਹੈ ਕਿ ਜਿਹੜੇ ਨਤੀਜੇ ਵੀ ਉਸ ਨੂੰ ਜਮ੍ਹਾਂ ਕਰਵਾਏ ਜਾਣਗੇ ਉਨ੍ਹਾਂ ਨੂੰ ਸਵੀਕਾਰ ਕੀਤਾ ਜਾਵੇਗਾ।

ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ ਦੇ ਬੁਲਾਰੇ ਰਾਇਨ ਬਰਡ ਨੇ ਆਖਿਆ ਕਿ ਪ੍ਰੀਖਿਆ ਨੂੰ ਹਟਾਉਣ ਨਾਲ ਵਿਦਿਆਰਥੀਆਂ ਵੱਲੋਂ ਹਾਸਲ ਕੀਤੇ ਜਾਣ ਵਾਲੇ ਅੰਕਾਂ ਉੱਤੇ ਕੋਈ ਅਸਰ ਨਹੀਂ ਪਵੇਗਾ ਕਿਉਂਕਿ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਕੰਮ ਤੇ ਸਾਲ ਦੌਰਾਨ ਕਰਵਾਈ ਗਈ ਪੜ੍ਹਾਈ ਦੀ ਸਮਝ ਦੇ ਹਿਸਾਬ ਨਾਲ ਪਰਖਿਆ ਜਾਵੇਗਾ।

ਇਸੇ ਤਰ੍ਹਾਂ ਪੀਲ ਡਿਸਟ੍ਰਿਕਟ ਸਕੂਲ ਬੋਰਡ ਨੇ ਆਖਿਆ ਕਿ ਉਨ੍ਹਾਂ ਨੇ ਤਾਂ ਪ੍ਰੀਖਿਆਵਾਂ ਨੂੰ ਇਸ ਸਾਲ ਸ਼ਾਮਲ ਹੀ ਨਹੀਂ ਕੀਤਾ ਹੈ ਕਿਉਂਕਿ ਉਨ੍ਹਾਂ ਮੁਤਾਬਕ ਵਿਦਿਆਰਥੀਆਂ ਦੀ ਪੜ੍ਹਾਈ ਲਈ ਵਧਾਇਆ ਗਿਆ ਸਮਾਂ ਹੀ ਇਸ ਦਾ ਬਿਹਤਰੀਨ ਹੱਲ ਹੈ। ਦਰਹਾਮ ਡਿਸਟ੍ਰਿਕਟ ਸਕੂਲ ਬੋਰਡ ਵੱਲੋਂ ਪਹਿਲਾਂ ਹੀ ਸਿੱਖਿਆ ਮੰਤਰਾਲੇ ਨਾਲ ਪ੍ਰੀਖਿਆਵਾਂ ਹਟਾਉਣ ਦੀ ਗੱਲ ਕਰ ਲਈ ਗਈ ਸੀ ਕਿਉਂਕਿ ਬੋਰਡ ਮੁਤਾਬਕ ਨਵੀਂ ਖੋਜ ਤੋਂ ਸਿੱਧ ਹੋਇਆ ਹੈ ਕਿ ਕੈਨੇਡਾ ਦੇ ਵਿਦਿਆਰਥੀਆਂ ਨੂੰ ਇਸ ਤਰ੍ਹਾਂ ਦੇ ਟਾਸਕਸ ਨਾਲ ਕਾਫੀ ਤਣਾਅ ਵਿੱਚੋਂ ਲੰਘਣਾ ਪੈ ਰਿਹਾ ਹੈ।

# ਸਕੂਲ ਵਿੱਚ ਸੂਟਿੰਗ ਕਰਨ ਦੀ ਧਮਕੀ ਦੇਣ ਵਾਲੇ ਮਸ਼ਕੂਕ ਦੀ ਪੁਲਿਸ ਕਰ ਰਹੀ ਹੈ ਭਾਲ



ਟੋਰਾਂਟੋ, 19 ਅਕਤੂਬਰ (ਪੋਸਟ ਬਿਊਰੋ) : ਟੋਰਾਂਟੋ ਦੇ ਇੱਕ ਸਕੂਲ (ਜਿਸ ਦਾ ਨਾਂ ਨਹੀਂ ਦੱਸਿਆ ਗਿਆ) ਵਿੱਚ ਸੂਟਿੰਗਿ ਕਰਨ ਦੀ ਧਮਕੀ ਦੇਣ ਵਾਲੇ ਵਿਅਕਤੀ ਖਿਲਾਫ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ 16 ਅਕਤੂਬਰ, ਦਿਨ ਸ਼ੁੱਕਰਵਾਰ ਨੂੰ ਮਸ਼ਕੂਕ ਸਵੇਰ ਵੇਲੇ ਆਨਲਾਈਨ ਚੈਟਿੰਗ ਕਰ ਰਿਹਾ ਸੀ ਜਦੋਂ ਉਸ ਨੇ ਦੂਜੇ ਵਿਅਕਤੀ ਨੂੰ ਦੱਸਿਆ ਕਿ ਉਸ ਕੋਲ ਗੰਨ ਹੈ ਤੇ ਉਹ ਕਿਸੇ ਸਕੂਲ ਵਿੱਚ ਸੂਟਿੰਗ ਦੀ ਘਟਨਾ ਨੂੰ ਅੰਜਾਮ ਦੇਣਾ ਚਾਹੁੰਦਾ ਹੈ।

ਇੱਕ ਰਲੀਜ਼ ਵਿੱਚ ਪੁਲਿਸ ਨੇ ਦੱਸਿਆ ਕਿ ਜਿਹੜੇ ਸਕੂਲ ਇਸ ਵਿਅਕਤੀ ਦੇ ਕਥਿਤ ਨਿਸ਼ਾਨੇ ਉੱਤੇ ਸਨ ਉਨ੍ਹਾਂ ਦੀ ਸੇਫਟੀ ਯਕੀਨੀ ਬਣਾਉਣ ਲਈ ਅਹਿਤਿਆਤਨ ਕਦਮ ਚੁੱਕੇ ਜਾ ਰਹੇ ਹਨ ਤੇ ਪੁਲਿਸ ਅਧਿਕਾਰੀਆਂ ਵੱਲੋਂ ਆਨਲਾਈਨ ਚੈਟ ਕਰਨ ਵਾਲੇ ਵਿਅਕਤੀ ਦੀ ਪਛਾਣ ਕਰਨ ਤੇ ਉਸ ਦੇ ਥਹੁ ਟਿਕਾਣੇ ਦਾ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੀ ਹੈ।

ਪੁਲਿਸ ਨੇ ਆਖਿਆ ਕਿ ਕਾਫੀ ਕੋਸ਼ਿਸ਼ਾਂ ਦੇ ਬਾਵਜੂਦ ਇਸ ਵਿਅਕਤੀ ਦੀ ਪਛਾਣ ਨਹੀਂ ਹੋ ਪਾਈ ਹੈ। ਕਾਂਸਟੇਬਲ ਮੇਘਨ ਗ੍ਰੇਅ ਨੇ ਆਖਿਆ ਕਿ ਭਾਵੇਂ ਇਹ ਧਮਕੀ ਫੋਕੀ ਫੜ੍ਹ ਹੀ ਹੋਵੇ ਪਰ ਟੋਰਾਂਟੋ ਪੁਲਿਸ ਸਰਵਿਸ ਸਕੂਲਾਂ ਤੇ ਵਿਦਿਆਰਥੀਆਂ ਦੀ ਸੇਫਟੀ ਨੂੰ ਯਕੀਨੀ ਬਣਾਉਣ ਲਈ ਹਰ ਕੋਸ਼ਿਸ਼ ਕਰ ਰਹੀ ਹੈ।

# ਰਾਹਗੀਰਾਂ ਉਤੇ ਹਮਲਾ ਕਰਨ ਵਾਲਾ ਵਿਅਕਤੀ ਗ੍ਰਿਫਤਾਰ



ਟੋਰਾਂਟੋ, 19 ਅਕਤੂਬਰ (ਪੋਸਟ ਬਿਊਰੋ) : ਐਤਵਾਰ ਸਵੇਰੇ ਡਾਊਨਟਾਊਨ ਵਿੱਚ ਇੱਕ ਮਹਿਲਾ ਨੂੰ ਜ਼ਮੀਨ ਉੱਤੇ ਸੁੱਟਣ ਤੋਂ ਬਾਅਦ ਕਈ ਹੋਰਨਾਂ ਉੱਤੇ ਹਮਲਾ ਕਰਨ ਵਾਲੇ ਇੱਕ 26 ਸਾਲਾ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

ਪੁਲਿਸ ਨੇ ਦੱਸਿਆ ਕਿ ਸਵੇਰੇ 9:15 ਵਜੇ ਇੱਕ ਵਿਅਕਤੀ ਯੰਗ ਤੇ ਡੰਡਸ ਸਟਰੀਟਸ ਦੇ ਲਾਂਘੇ ਉੱਤੇ ਪਹੁੰਚਿਆ ਤੇ ਇੱਕ ਗੱਡੀ ਦੇ ਬੋਨ੍ਹਟ ਨਾਲ ਟਕਰਾ ਗਿਆ। ਫਿਰ ਉਹ ਡੰਡਸ ਸਟਰੀਟ ਉੱਤੇ ਪੂਰਬ ਵੱਲ ਵਧਿਆ ਤੇ ਉੱਥੇ ਉਸ ਨੇ ਇੱਕ ਮਹਿਲਾ ਨੂੰ ਜੱਫਾ ਪਾ ਕੇ ਹੇਠਾ ਸੁੱਟ ਦਿੱਤਾ। ਫਿਰ ਉਸ ਨੇ ਇੱਕ ਹੋਰ ਵਿਅਕਤੀ ਦੇ ਮੂੰਹ ਉੱਤੇ ਮੁੱਕਾ ਮਾਰਿਆ ਤੇ ਫਿਰ ਇੱਕ ਸਾਈਕਲ ਵਾਲੇ ਵਿਅਕਤੀ ਨੂੰ ਕੁੱਟਿਆ। ਇਸ ਸਾਰੇ ਮਾਮਲੇ ਨੂੰ ਰੋਕਣ ਦੀ ਕੋਸ਼ਿਸ਼ ਕਰਨ ਵਾਲੇ ਹੋਰਨਾਂ ਲੋਕਾਂ ਉੱਤੇ ਵੀ ਉਸ ਨੇ ਹਮਲਾ ਬੋਲ ਦਿੱਤਾ।

ਟੋਰਾਂਟੋ ਦੇ ਇਸ 26 ਸਾਲਾ ਵਿਅਕਤੀ ਡਾਇਮੰਡ ਏਕਾਨਮ ਉੱਤੇ ਹਮਲਾ ਕਰਨ, ਲੜਾਈ ਕਰਕੇ ਮਾਹੌਲ ਖਰਾਬ ਕਰਨ, ਰੌਲਾ ਪਾਉਣ ਤੇ ਪ੍ਰੋਬੇਸ਼ਨ ਦੇ ਨਿਯਮਾਂ ਦੀ ਉਲੰਘਣਾ ਕਰਨ ਦੇ ਸਬੰਧ ਵਿੱਚ ਕਈ ਚਾਰਜਿਜ਼ ਲਾਏ ਗਏ ਹਨ।

# ਵਰਚੂਅਲ ਲਰਨਿੰਗ ਅਪਨਾਉਣ ਵਾਲੇ 2000 ਵਿਦਿਆਰਥੀਆਂ ਨੂੰ ਅਜੇ ਵੀ ਲੈਪਟੌਪਜ਼ ਤੇ ਟੇਬਲੈੱਟਸ ਦਾ ਇੰਤਜ਼ਾਰ

ਟੋਰਾਂਟੋ, 19 ਅਕਤੂਬਰ (ਪੋਸਟ ਬਿਊਰੋ) : ਵਰਚੂਅਲ ਲਰਨਿੰਗ ਅਪਨਾਉਣ ਵਾਲੇ ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ ਦੇ 2000 ਵਿਦਿਆਰਥੀਆਂ ਨੂੰ ਅਜੇ ਵੀ ਲੈਪਟੌਪਜ਼ ਤੇ ਟੇਬਲੈੱਟਸ ਦਾ ਇੰਤਜ਼ਾਰ ਹੈ।

ਟੀਡੀਐਸਬੀ ਦੇ ਆਈ ਟੀ ਸਬੰਧੀ ਐਗਜ਼ੈਕਟਿਵ ਆਫੀਸਰ ਨੇ ਦੱਸਿਆ ਕਿ ਬੋਰਡ ਨੇ 10,000 ਨਵੀਆਂ ਡਿਵਾਇਸਿਜ਼ ਦਾ ਆਰਡਰ ਕੀਤਾ ਹੈ ਪਰ ਅਜੇ ਤੱਕ ਸਾਰੇ ਵਿਦਿਆਰਥੀਆਂ ਨੂੰ ਇਹ ਡਿਵਾਇਸਿਜ਼ ਹਾਸਲ ਨਹੀਂ ਹੋ ਪਾਈਆਂ ਹਨ। ਪੀਟਰ ਸਿੰਘ ਨੇ ਆਖਿਆ ਕਿ ਇਹ ਦੇਰ ਕ੍ਰੋਮਬੁੱਕਜ਼ ਤੇ ਆਈਪੈਡਜ਼ ਦੀ ਕੈਨੇਡਾ ਭਰ ਵਿੱਚ ਵਧੀ ਮੰਗ ਕਾਰਨ ਹੋਈ ਹੈ।



ਉਨ੍ਹਾਂ ਆਖਿਆ ਕਿ ਬੋਰਡ ਨੂੰ ਆਸ ਹੈ ਕਿ ਅਗਲੇ ਪੰਜ ਤੋਂ ਅੱਠ ਦਿਨਾਂ ਵਿੱਚ ਰਹਿੰਦੇ ਵਿਦਿਆਰਥੀਆਂ ਨੂੰ ਵੀ ਇਹ ਡਿਵਾਇਸਿਜ਼ ਮਿਲ ਜਾਣਗੀਆਂ। ਟੀਡੀਐਸਬੀ ਨੇ ਬਸੰਤ ਵਿੱਚ ਆਪਣੇ ਵਿਦਿਆਰਥੀਆਂ ਨੂੰ 60,000 ਡਿਵਾਇਸਿਜ਼ ਦਿੱਤੀਆਂ ਸਨ।

NEED A LAWYER ??
KAUR LAW OFFICE
Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
- DEBT CONSOLIDATION • HOME EQUITY
- LOANS • HOME RENOVATION
- WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated



19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

SherGill Law Firm
Barrister, Solicitor & Notary Public
Paramjit Singh Gill
(MBA,LL.B.)
Tel: 905-790-3636
Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters



2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਪੰਜਾਬ ਵਿਧਾਨ ਸਭਾ: ਵਿਸ਼ੇਸ਼ ਅਜਲਾਸ ਦੇ ਪਹਿਲੇ ਦਿਨ ਸਿਆਸੀ ਧਿਰਾਂ ਨੇ ਰੌਲਾ-ਰੱਪਾ ਪਾ ਕੇ ਵਕਤ ਲੰਘਾਇਆ

ਅੱਜ ਨਾਮਾ

ਆਉਂਦੀ ਚੋਣਾਂ ਦੀ ਰੁੱਤ ਜਿਹੀ ਵੇਖ ਲਾਗੇ,
ਵਰਕਰ ਤੋੜਨ ਦੀ ਖੇਡ ਪਈ ਚੱਲ ਬੇਲੀ।
ਹਰ ਕੋਈ ਪਾਰਟੀ ਦੂਜੀ ਦੀ ਧਾੜ ਮਗਰੇ,
ਬੰਦੇ ਪਾੜਨ ਲਈ ਬੰਦੇ ਰਹੀ ਘੱਲ ਬੇਲੀ।
ਕੋਈ ਟਿਕਟ ਦੇ ਲਾਰੇ ਨਾਲ ਉਲਝ ਜਾਂਦਾ,
ਸਕਦਾ ਏ ਕੋਈ ਪ੍ਰੈਸ਼ਰ ਨਹੀਂ ਝੱਲ ਬੇਲੀ।
ਕਿਸੇ ਆਪ ਹੀ ਵੇਖ ਕੇ ਵਕਤ ਆਇਆ,
ਰਸਤਾ ਬਦਲਵਾਂ ਲਿਆ ਕੁਝ ਮੱਲ ਬੇਲੀ।
ਜਿਹੜੇ ਲੀਡਰ ਨੂੰ ਕੱਢਦਾ ਰਿਹਾ ਗਾਹਲਾਂ,
ਗੋਡੀਂ ਓਸੇ ਦੇ ਹੱਥ ਗਿਆ ਲਾਉਣ ਬੇਲੀ।
ਪਾਰਟੀ ਛੱਡਣ ਦਾ ਪਾ ਫਿਰ ਭਰਮ ਕੋਈ,
ਲੱਗਾ ਈ ਆਪਣਾ ਭਾਅ ਵਧਾਉਣ ਬੇਲੀ।

**ਤੀਸ ਮਾਰ ਖਾਂ**

ਚੰਡੀਗੜ੍ਹ, 19 ਅਕਤੂਬਰ, (ਪੋਸਟ ਬਿਊਰੋ)-ਪੰਜਾਬ ਵਿਧਾਨ ਸਭਾ ਦਾ ਦੋ ਰੋਜ਼ਾ ਵਿਸ਼ੇਸ਼ ਸੈਸ਼ਨ ਪਿਛਲੇ ਦਿਨੀਂ ਸਵਰਗ ਸਿਧਾਰ ਗਏ ਲੋਕਾਂ ਨੂੰ ਸ਼ਰਧਾਂਜਲੀ ਦੇਣ ਪਿੱਛੋਂ ਪਹਿਲੇ ਦਿਨ ਉਠਾ ਦਿੱਤਾ ਗਿਆ ਅਤੇਮੰਗਲਵਾਰ ਸਵੇਰੇ 10 ਵਜੇ ਫਿਰਇਜਲਾਸ ਸ਼ੁਰੂ ਕਰਨ ਦਾ ਐਲਾਨ ਕੀਤਾ ਗਿਆ। ਇਸ ਵਿਸ਼ੇਸ਼ ਸੈਸ਼ਨ ਵਿਚ ਖੇਤੀਬਾੜੀ ਕਾਨੂੰਨਾਂ ਬਾਰੇ ਪੰਜਾਬ ਸਰਕਾਰ ਨੇ ਬਿੱਲ ਪੇਸ਼ ਕਰਨਾ ਹੈ, ਜਿਸ ਲਈ ਦੋ ਦਿਨਾਂ ਦਾ ਵਿਸ਼ੇਸ਼ ਸੈਸ਼ਨ ਬੁਲਾਇਆ ਗਿਆ ਹੈ, ਪਰ ਕਿਹਾ ਜਾਂਦਾ ਹੈ ਕਿ ਸਰਕਾਰ ਵੱਲੋਂ ਪੇਸ਼ ਕੀਤਾ ਜਾਣ ਵਾਲਾ ਬਿੱਲ ਅਜੇ ਤਕ ਤਿਆਰ ਹੀ ਨਹੀਂਸੀ ਹੋ ਸਕਿਆ। ਉਂਜ ਪੰਜਾਬ ਸਰਕਾਰ ਨੇ ਪਹਿਲਾਂ ਇਹ ਵਿਸ਼ੇਸ਼ ਸੈਸ਼ਨ ਸਿਰਫ ਇੱਕ ਦਿਨ ਦਾ ਸੱਦਿਆ ਸੀ, ਫਿਰ ਦੋ ਦਿਨਾਂ ਦਾ ਕਰ ਦਿੱਤਾ ਹੈ।

*** ਸ਼ਰਧਾਂਜਲੀਆਂ ਦੇ ਕੇ ਵਿਧਾਨ ਸਭਾ ਉਠਾ ਦਿੱਤੀ ਗਈ**

ਵਿਰੋਧੀ ਧਿਰ ਦੀਆਂ ਦੋ ਪਾਰਟੀਆਂ ਆਮ ਆਦਮੀ ਪਾਰਟੀ ਅਤੇ ਅਕਾਲੀ ਦਲ ਸਰਕਾਰ ਤੋਂ ਪੇਸ਼ ਕੀਤੇ ਜਾਣ ਵਾਲੇਬਿੱਲ ਦੀਆਂ ਕਾਪੀਆਂ ਮੰਗ ਰਹੀਆਂ ਸਨ। ਅੱਜ ਜਦੋਂ ਵਿਰੋਧੀ ਧਿਰਾਂ ਨੇ ਬਿੱਲ ਦੀ ਕਾਪੀ ਮੰਗੀ ਤਾਂ ਸਪੀਕਰ ਨੇ ਕਿਹਾ ਕਿ ਇਹ ਸ਼ਾਮ ਪੰਜ ਵਜੇ ਮਿਲੇਗੀ। ਫਿਰ ਵੀ ਬਿੱਲ ਦੀ ਕਾਪੀ ਨਾ ਮਿਲੀ ਤਾਂ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਨੇ ਵਿਧਾਨ ਸਭਾ ਹਾਲ ਦੇ ਅੰਦਰ ਹੀ ਧਰਨਾ ਲਾ ਦਿੱਤਾ। ਵਿਰੋਧੀ ਧਿਰ ਦੇ ਲੀਡਰ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਬਿੱਲ ਦੀ ਕਾਪੀ ਮਿਲਣ ਤੱਕ ਅੰਦਰ ਹੀ ਬੈਠਾਂਗੇ, ਬੇਸ਼ੱਕ ਰਾਤ ਕੱਟਣੀ ਪਵੇ, ਪਰ ਬਿੱਲਾਂ ਦੀ ਕਾਪੀ ਲੈ ਕੇ ਉਠਾਂਗੇ।



ਇਸ ਤੋਂ ਪਹਿਲਾਂ ਅਕਾਲੀ ਦਲ ਦੇ ਵਿਧਾਇਕ ਇਸ ਸੈਸ਼ਨਲਈ ਟਰੈਕਟਰਾਂ ਉੱਤੇ ਆਏ ਤਾਂ ਉਨ੍ਹਾਂ ਨੂੰ ਚੰਡੀਗੜ੍ਹ ਪੁਲਿਸ ਨੇ ਵਿਧਾਨ ਸਭਾ ਰੋਡ ਤੋਂ ਪਹਿਲਾਂ ਰੋਕ ਲਿਆ ਸੀ। ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਉਨ੍ਹਾਂ ਨੇ ਕਾਲੇ ਖੇਤੀ ਕਾਨੂੰਨਾਂ ਦੇ ਵਿਰੋਧ ਵਿੱਚ ਵਿਧਾਨ ਸਭਾ ਜਾਣ ਲਈ ਟਰੈਕਟਰਾਂ ਦੀ ਚੋਣ ਕੀਤੀ ਹੈ।ਆਮ ਆਦਮੀ ਪਾਰਟੀ ਦੇ ਵਿਧਾਇਕ ਕਾਲੇ ਕੱਪੜੇ ਪਾ ਕੇ ਸਦਨ ਵਿੱਚ ਆਏ ਸਨ। ਅੱਜ ਇਨ੍ਹਾਂ ਦੋਵਾਂ ਪਾਰਟੀਆਂ ਦੇ ਮੈਂਬਰਾਂ ਨੇ ਸਦਨ ਦੇ ਬਾਹਰ ਕੇਂਦਰੀ ਖੇਤੀਬਾੜੀ ਐਕਟ ਦੀਆਂ ਕਾਪੀਆਂ ਵੀ ਸਾੜ ਕੇ ਰੋਸ ਪ੍ਰਗਟਾਇਆ।

ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਖੇਤੀ ਕਾਨੂੰਨਾਂ ਦੇ ਵਿਰੋਧ ਵਿੱਚ ਜਾਰੀ ਰੋਸ ਪ੍ਰਦਰਸ਼ਨਾਂ ਦੌਰਾਨ ਮਾਰੇ ਗਏ ਕਿਸਾਨਾਂ ਦੇ ਨਾਂ ਸ਼ਾਮਲ ਕਰਨ ਲਈ ਸਦਨ ਵਿੱਚ ਮਤਾ ਪੇਸ਼ ਕੀਤਾ ਅਤੇ ਇਸ ਤੋਂ ਬਾਅਦ ਸਦਨ ਨੇ ਮਾਰੇ ਗਏ ਕਿਸਾਨਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ, ਜਿਸ ਪਿੱਛੋਂ ਸਦਨ ਇਕ ਘੰਟੇ ਲਈ ਉਠਾ ਦਿੱਤਾ ਗਿਆ।

ਖਾਸ ਗੱਲ ਇਹ ਸੀ ਕਿ ਨਵਜੋਤ ਸਿੰਘ ਸਿੱਧੂ ਵੀ ਅੱਜ ਲੰਬੇ ਸਮੇਂ ਬਾਅਦ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਵਿੱਚ ਸ਼ਾਮਲ ਹੋਏ ਸਨ। ਉਨ੍ਹਾਂ ਨੂੰ ਹਾਊਸ ਵਿੱਚ ਪਿਛਲੀ ਕਤਾਰ ਦੀ ਸੀਟ ਅਲਾਟ ਕੀਤੀ ਗਈ ਸੀ।

# ਨਵਜੋਤ ਸਿੱਧੂ ਨੇ ਸਮੱਸਿਆ ਦੇ ਖੁਲਾਸੇ ਕੀਤੇ, ਵਿਗੜੇ ਸਿਸਟਮ ਦਾ ਹੱਲ ਸੁਝਾਇਆ

ਚੰਡੀਗੜ੍ਹ, 19 ਅਕਤੂਬਰ, (ਪੋਸਟ ਬਿਊਰੋ)-ਅੱਜ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਦੇ ਪਹਿਲੇ ਦਿਨ ਪੰਜਾਬ ਦੇ ਸਾਬਕਾ ਲੋਕਲ ਬਾਡੀਜ਼ ਮੰਤਰੀ ਤੇ ਵਿਧਾਇਕ ਨਵਜੋਤ ਸਿੰਘ ਸਿੱਧੂ ਵੀ ਸ਼ਾਮਲ ਹੋਏ। ਇਸ ਮੌਕੇ ਨਵਜੋਤ ਸਿੰਘ ਸਿੱਧੂ ਨੇ ਆਪਣੇ ਯੂ-ਟਿਊਬ ਚੈਨਲ ਉੱਤੇ ਅੱਜ ਸਮੁੱਚੇਕਿਸਾਨੀ ਮਸਲੇ ਉੱਤੇਇੱਕ ਵੀਡੀਓ ਅਪਲੋਡ ਕੀਤੀ, ਜਿਸ ਵਿੱਚ ਉਨ੍ਹਾਂ ਨੇ ਸਰਕਾਰਾਂ ਨੂੰ ਕਿਸਾਨਾਂ ਨੂੰ ਭਟਕਾਉਣ ਦੀ ਬਜਾਏ ਹੱਲ ਦੱਸਣ ਲਈ ਕਿਹਾ ਹੈ।



ਨਵਜੋਤ ਸਿੰਘ ਸਿੱਧੂ ਨੇ ਇਸ ਵੀਡੀਓ ਵਿੱਚਸਰਕਾਰਾਂ ਨੂੰ ਕਿਹਾਕਿ ਪੰਜਾਬ ਦੇ ਲੋਕ ਉਨ੍ਹਾਂ ਵੱਲ ਦੇਖ ਰਹੇ ਹਨ, ਇਸ ਲਈ ਉਹ ਮੁੱਦੇ ਉੱਤੇ ਆਉਣ ਤੇ ਕੋਈ ਹੱਲ ਦੱਸਣ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਆਪਣਾ ਕੰਮ ਕਰ ਦਿੱਤਾ ਹੈ ਤੇ ਅਗਲੇ ਸਾਲ ਚੋਣਾਂ ਤੋਂ ਪਹਿਲਾਂ ਆਪਣੀ ਪਿੱਠ ਨਹੀਂ ਦਿਖਾ ਸਕਦੀ।ਉਨ੍ਹਾਂ ਕਿਹਾ ਕਿ ਕਿਸਾਨ ਅੱਜ ਜੋ ਲੜਾਈ ਲੜ ਰਿਹਾ ਹੈ, ਉਸ ਨਾਲ ਸਾਡਾ ਲੋਕਤੰਤਰ ਹੋਰ ਮਜ਼ਬੂਤ ਹੋ ਰਿਹਾ ਹੈ। ਸਿੱਧੂ ਦੇ ਮੁਤਾਬਕ ਕਿਸਾਨਾਂ ਦਾ ਮੌਜੂਦਾ ਸੰਘਰਸ਼ ਸਿਰਫ ਫਸਲਾਂ ਦੀ ਘੱਟੋ-ਘੱਟ ਖਰੀਦ ਕੀਮਤ(ਐਮਐਸਪੀ) ਲਈ ਨਹੀਂ, ਉਹ ਪਿਛਲੇ ਕਈ ਦਹਾਕਿਆ ਤੋਂ ਸੰਘਰਸ਼ ਕਰ ਰਿਹਾ ਹੈ। ਕਿਸਾਨਾਂ ਦੀਆਂ ਅਸਲੀ ਮੁਸ਼ਕਲਾਂ ਦਾ ਹੱਲ ਕਰੀਏ, ਸਿਰਫ ਦਿਖਾਵੇ ਨਾ ਕਰੀਏ। ਉਨ੍ਹਾਂ ਕਿਹਾਕਿ ਪੰਜਾਬ ਦੇ ਸਿਸਟਮ ਨੂੰ ਹੌਲੀ-ਹੌਲੀਮਾਰਿਆ ਗਿਆ ਤੇ ਫਿਰ ਖਤਮ ਕਰਨ ਉੱਤੇ ਆ ਗਏ ਹਨ। ਇਹ ਸੰਘਰਸ਼ ਨਵਾਂ ਨਹੀਂ ਹੈ।

ਆਪਣਾ ਬਿਆਨ ਜਾਰੀ ਰੱਖਦਿਆਂ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਫੈਸਲੇ ਨਾਲ ਪੰਜਾਬ ਦੇ ਬਚੇ-ਖੁਚੇ ਕਿਸਾਨ ਵੀ ਮਾਰੇ ਜਾਣਗੇ। ਪੰਜਾਬ ਨੂੰ ਪਹਿਲਾਂ ਕੇਂਦਰ ਨੇ ਵਰਤਿਆ ਸੀ ਤੇ ਅੱਗੋਂ ਪੂੰਜੀਪਤੀ ਵਰਤਣਗੇ। ਇਹ ਨਵੇਂ ਕਾਨੂੰਨ ਕਿਸਾਨਾਂ ਦੇ ਕਾਨੂੰਨ ਅਧਿਕਾਰ ਖੋਹਣ ਲਈ ਲਿਆਂਦਾ ਗਿਆ ਹੈ। ਉਹ ਕਿਸੇ ਸਿਵਲ ਕੋਰਟ ਵਿੱਚਨਹੀਂ ਜਾ ਸਕਦੇ। ਇਹ ਕਾਨੂੰਨ ਸਾਡੀ ਆਜ਼ਾਦੀ ਵੀ ਸਾਡੇ ਤੋਂਖੋਹ ਲੈਣਗੇ। ਸਿੱਧੂ ਨੇ ਕਿਹਾ ਕਿ ਜੇ ਆਉਂਦੇ ਸਮੇਂ ਵਿੱਚਜਨਤਕ ਵੰਡ ਪ੍ਰਣਾਲੀ (ਪੀਡੀਐਸ) ਬੰਦ ਹੋ ਗਈ ਤੇ ਡਾਇਰੈਕਟ ਕੈਸ਼ ਟਰਾਂਸਫਰ ਲੈ ਆਏ ਤਾਂ ਫਿਰ ਸਰਕਾਰੀ ਖਰੀਦ ਏਜੰਸੀ ਐਫਸੀਆਈ ਨੇ ਪੰਜਾਬ ਦੀ ਫਸਲ ਨਹੀਂ ਚੁੱਕਣੀ। ਉਨ੍ਹਾਂ ਕਿਹਾ ਕਿ ਜਿਸ ਕੇਂਦਰ ਸਰਕਾਰ ਕੋਲ ਜੀਐਸਟੀ ਦਾ ਕਮਾਇਆ ਪੈਸਾ ਵੀ ਰਾਜਾਂ ਨੂੰ ਦੇਣ ਲਈ ਨਹੀਂ ਹੈ, ਉਹ ਲੋਕਾਂ ਦੇ ਖਾਤਿਆਂ ਵਿੱਚ ਬਿਜਲੀ ਦੀ ਸਬਸਿਡੀ ਦੇ ਪੈਸੇ ਕਿਵੇਂ ਪਾ ਦੇਣਗੇ?

ਇਸ ਦੌਰਾਨ ਨਵਜੋਤ ਸਿੱਧੂ ਨੇ ਸੁਝਾਅ ਦਿੱਤਾ ਕਿ ਇਨ੍ਹਾਂ ਕਾਲੇ ਕਾਨੂੰਨਾਂ ਨੂੰ ਲਾਗੂ ਹੋਣ ਤੋਂਰਾਜ ਅਸੈਂਬਲੀ ਸੈਸ਼ਨ ਵਿੱਚਰੋਕਿਆ ਜਾਵੇ। ਉਨ੍ਹਾ ਮੰਗ ਕੀਤੀ ਕਿ ਪੰਜਾਬ ਸਰਕਾਰ ਸਬਜ਼ੀਆਂ, ਦਾਲਾਂ ਅਤੇ ਫਲਾਂ ਉੱਤੇ ਐਮਐਸਪੀ ਲਾਗੂ ਕਰ ਦੇਵੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਛੋਟੇ ਕਿਸਾਨ ਮਿਲ ਕੇ ਇੱਕ ਕਾਨੂੰਨੀ ਯੂਨਿਟ ਬਣਾਉਣ। ਕਿਸਾਨ ਆਪ ਬੀਜੇ ਅਤੇ ਆਪ ਵੇਚੇ, ਜਿਸ ਨਾਲ ਸਾਰਾ ਮੁਨਾਫਾ ਖੁਦ ਕਿਸਾਨ ਦੇ ਕੋਲ ਹੀ ਆਵੇ।

# ਪੰਜਾਬ ਨੂੰ ਨਵੀਂ ਮਾਰ: ਬਾਹਰਲੇ ਰਾਜਾਂ ਵਿਚੋਂ ਪੰਜਾਬ ਵਿਚ ਵੇਚਣ ਲਈ ਝੋਨਾ ਲਿਆਂਦਾ ਜਾ ਰਿਹੈ

ਚੰਡੀਗੜ੍ਹ, 19 ਅਕਤੂਬਰ, (ਪੋਸਟ ਬਿਊਰੋ)-ਉੱਤਰ ਪ੍ਰਦੇਸ਼ ਅਤੇ ਹੋਰ ਰਾਜਾਂਤੋਂ, ਜਿੱਥੇ ਫਸਲ ਦੀ ਘੱਟੋ-ਘੱਟ ਖਰੀਦ ਦੀ ਕੀਮਤ (ਐੱਮ ਐੱਸ ਪੀ) ਨਹੀਂ ਮਿਲਦੀ, ਓਥੋਂ ਘੱਟ ਮੁੱਲ ਉੱਤੇ ਝੋਨਾ ਖਰੀਦ ਕੇ ਚੋਰੀ-ਚੋਰੀ ਪੰਜਾਬ ਵਿੱਚ ਲਿਆਉਣ ਦਾ ਗੈਰ-ਕਾਨੂੰਨੀ ਧੰਦਾ ਜਾਰੀ ਹੈ। ਅੱਜ ਸੋਮਵਾਰ ਨੂੰ ਪਟਿਆਲਾ, ਬਠਿੰਡਾ, ਅਬੋਹਰ ਅਤੇ ਮੋਗਾ ਵਿਚ ਝੋਨੇ ਨਾਲ ਲੱਦੇ 21 ਟਰੱਕ ਪੁਲਿਸ ਨੇ ਫੜੇ ਅਤੇ ਇਸ ਸੰਬੰਧ ਵਿੱਚ 13 ਕੇਸ ਦਰਜ ਕੀਤੇ ਹਨ।ਪੁਲਿਸ ਅਧਿਕਾਰੀਆਂ ਦੇ ਮੁਤਾਬਕ ਫੜੇ ਗਏ ਬਹੁਤੇ ਟਰੱਕ ਸ਼ੈਲਰ ਮਾਲਕਾਂ ਅਤੇ ਆੜ੍ਹਤੀਆਂ ਨੇ ਮੰਗਵਾਏ ਹਨ, ਪਰ ਅਬੋਹਰ ਵਿਚ ਰਾਜਸਥਾਨ ਦੇ ਹਨੂੰਮਾਨਗੜ੍ਹ ਦੇ ਦੋ ਕਿਸਾਨ ਖੁਦ ਵੀ ਪੰਜਾਬ ਦੀ ਮੰਡੀ ਵਿਚ ਝੋਨਾ ਵੇਚਣ ਆਏ ਸਨ।

ਮਿਲ ਸਕੀ ਜਾਣਕਾਰੀ ਮੁਤਾਬਕ ਇਸ ਤਸਕਰੀ ਵਿੱਚ ਹਜ਼ਾਰਾਂ ਕੁਇੰਟਲ ਝੋਨੇ ਦੇ ਫਰਜ਼ੀ ਬਿੱਲ ਬਣਾ ਕੇ ਇਸ ਨੂੰ ਪੰਜਾਬ ਵਿਚ ਖ਼ਰੀਦ ਕੀਤਾ ਝੋਨਾ ਦੱਸ ਕੇ ਸਰਕਾਰ ਤੋਂਇਸ ਦੇ ਘੱਟੋ-ਘੱਟ ਸਮਰਥਨ ਮੁੱਲ ਦੇ ਹਿਸਾਬ ਨਾਲ ਪੈਸਾ ਵਸੂਲ ਕੀਤਾ ਜਾਵੇਗਾ। ਇਸ ਗੰਦੇ ਧੰਦੇ ਤੋਂ ਆੜ੍ਹਤੀ ਤੇ ਸ਼ੈਲਰ ਮਾਲਕ ਮੋਟਾ ਮੁਨਾਫਾ ਕਮਾਉਣ ਲੱਗੇ ਹੋਏ ਹਨ, ਜਦ ਕਿ ਕਿਸਾਨਾਂ ਦੇ ਹਿੱਸੇ ਦੀ ਪੰਜਾਬ ਦੀ ਖਰੀਦ ਦੀ ਲਿਮਿਟ ਖਤਮ ਹੋਣ ਨਾਲ ਨੁਕਸਾਨ ਹੋਵੇਗਾ।

*** ਤਸਕਰੀ ਕਰ ਕੇ ਲਿਆਂਦੇ ਝੋਨੇ ਦੇ 21 ਟਰੱਕ ਫੜੇ**



ਪਤਾ ਲੱਗਾ ਹੈ ਕਿ ਜ਼ਿਲਾ ਫਾਜ਼ਿਲਕਾ ਦੇ ਜਲਾਲਾਬਾਦ ਵਿਚ ਅੱਜ ਕਿਸਾਨਾਂ ਨੇ ਉੱਤਰ ਪ੍ਰਦੇਸ਼ ਤੋਂਆਈ ਬਾਸਮਤੀ ਦੇ 11 ਟਰੱਕ ਟੋਲ ਪਲਾਜ਼ਾ ਉੱਤੇ ਰੋਕੇ ਹਨ। ਸ਼ੈਲਰ ਮਾਲਿਕਾਂ ਦਾ ਕਹਿਣਾ ਹੈ ਕਿ ਪੰਜਾਬ ਵਿਚ ਪਰਮਲ ਦੀ ਸਰਕਾਰੀ ਖ਼ਰੀਦ ਹੈ, ਪਰ ਉਹ ਬਾਸਮਤੀ ਕਿਤੋਂ ਵੀ ਲੈ ਸਕਦੇ ਹਨ। ਅੰਮ੍ਰਿਤਸਰ ਵਿਚ ਵੀ ਕਿਸਾਨਾਂ ਨੇ ਦੂਸਰੇਰਾਜਾਂਤੋਂ ਲਿਆਂਦੇਝੋਨੇ ਦੇ 7 ਟਰੱਕ ਟੋਲ ਪਲਾਜ਼ਿਆਂ ਉੱਤੇ ਰੋਕੇ ਗਏ, ਪਰ ਇਸ ਬਾਰੇ ਹਾਲੇ ਤੱਕ ਕੋਈ ਕੇਸ ਦਰਜ ਨਹੀਂ ਕੀਤਾ ਗਿਆ।

ਇਸ ਦੌਰਾਨ ਪਟਿਆਲਾ ਦੇ ਥਾਣਾ ਜੁਲਕਾ ਦੀ ਪੁਲਿਸ ਨੇ ਪਿੰਡ ਸ਼ੰਕਰਪੁਰ ਦੇ ਅਮਰੀਕ ਸਿੰਘ ਨੂੰ ਝੋਨੇ ਨਾਲ ਲੱਦੇ ਹੋਏ ਟਰੱਕ ਸਮੇਤ ਫੜਿਆ ਹੈ। ਉਸ ਨੇ ਪੰਜਾਬ ਫੂਡ ਐਂਡ ਪੋਲਟਰੀ ਪ੍ਰੋਡਕਟਸ ਕਪੂਰਥਲਾ ਨਾਂ ਦੀ ਫਰਮ ਦੇ ਬਿੱਲ ਅਤੇ ਹੋਰ ਕਾਗਜ਼ ਦਿਖਾਏ, ਪਰ ਜਾਂਚ ਕਰਨ ਤੋਂ ਪਤਾ ਲੱਗਾ ਕਿ ਕਪੂਰਥਲਾ ਵਿਚ ਇਸ ਨਾਂ ਦੀ ਕੋਈ ਫਰਮ ਨਹੀਂ ਹੈ। ਇਸ ਤੋਂ ਪਹਿਲਾਂ ਫ਼ਤਹਿਗੜ੍ਹ ਸਾਹਿਬ ਵਿਚ ਦੋ ਦਿਨ ਪਹਿਲਾਂ ਫੜੇ ਪੰਜ ਟਰੱਕਾਂ ਦੀ ਜਾਂਚ ਵਿੱਚ ਪਤਾ ਲੱਗਾ ਸੀ ਕਿ 138 ਟਨ ਝੋਨਾ ਖੰਨਾ ਦੀਆਂ ਦੋ ਅਤੇ ਅੰਮ੍ਰਿਤਸਰ ਦੇ ਮਾਨਾਂਵਾਲਾ ਦੀਆਂ ਦੋ ਫਰਮਾਂ ਨੇ ਮੰਗਵਾਇਆ ਸੀ। ਇਸ ਝੋਨੇ ਨਾਲ ਲੱਦੇ ਟਰੱਕ ਨਾਲ ਪਟਿਆਲਾ ਪੁਲਿਸ ਨੇ ਸਹਾਰਨਪੁਰ ਦੇ ਪਿੰਡ ਲੋਹਰਗਵਾ ਜੈਤੀਪੁਰ ਦੇ ਸਤਾਨਾ ਸਿੰਘ ਅਤੇ ਪਿੰਡ ਕੁਮਾਡਾਡਾ ਦੇ ਡਰਾਈਵਰ ਗੁਰਸੇਵਕ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਸੀ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਲੋਕ ਉੱਤਰ ਪ੍ਰਦੇਸ਼ ਤੋਂਝੋਨਾ ਸਸਤਾ ਖ਼ਰੀਦ ਕੇ ਆੜ੍ਹਤੀਆਂ ਦੀ ਮਿਲੀਭੁਗਤ ਨਾਲ ਪਟਿਆਲਾ ਦੀ ਦਿੱਤੂਪੁਰ ਮੰਡੀ ਵਿਚ ਵੇਚਣ ਨੂੰ ਲਿਆਏ ਸਨ। ਇਹੋ ਜਿਹੇ ਕੰਮ ਵਿੱਚ ਆੜ੍ਹਤੀ ਅੱਗੋਂ ਕਿਸਾਨ ਦੇ ਨਾਂ ਉੱਤੇ ਫਰਜ਼ੀ ਜੇ-ਫਾਰਮ ਕੱਟ ਦਿੰਦੇ ਹਨ।

ਪਟਿਆਲਾ ਜ਼ਿਲੇ ਦੀ ਥਾਣਾ ਪਸਿਆਣਾ ਦੀ ਪੁਲਿਸ ਨੇ ਚਾਰ ਅਣਪਛਾਤੇ ਲੋਕਾਂ ਅਤੇ ਥਾਣਾ ਸ਼ੰਭੂ ਪੁਲਿਸ ਨੇ ਚਾਰ ਕੇਸਾਂ ਵਿਚ ਪੰਜ ਲੋਕਾਂ ਖਿਲਾਫ ਪਰਚਾ ਦਰਜ ਕੀਤਾ ਹੈ। ਇਨ੍ਹਾਂ ਵਿਚਗੁਰਦੀਪ ਸਿੰਘ ਪਿੰਡ ਦਾਤੇਵਾਲਾ,ਮੋਗਾ, ਕੁਲਜੀਤ ਸਿੰਘਪਿੰਡ ਮਨਾਵਾਂ, ਗੁਰਪ੍ਰੀਤ ਸਿੰਘ ਪਿੰਡ ਬਡਾਲਾ,ਫਿਰੋਜ਼ਪੁਰ, ਮਹਿੰਦਰ ਸਿੰਘ ਪਿੰਡ ਅਮਾਨਤਵਾਲਾ ਤੇ ਤਰਨ-ਤਾਰਨ ਦੇ ਹਰੀਕੇ ਪੱਤਣ ਦਾ ਡਰਾਈਵਰ ਪਰਮਜੀਤ ਸਿੰਘ ਸ਼ਾਮਲ ਹਨ। ਪੁਲਿਸ ਵੱਲੋਂ ਇਨ੍ਹਾਂ ਉੱਤੇ ਧੋਖਾਧੜੀ ਅਤੇ ਅਪਰਾਧਿਕ ਸਾਜ਼ਿਸ਼ ਦਾ ਕੇਸ ਦਰਜ ਕੀਤਾ ਜਾ ਰਿਹਾ ਹੈ।


Paramjit Deol
Broker
CELL: 416-993-7378
7071 Airport Rd, Suit 201, Mississauga, ON



1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca


"Your neighborhood broker, Call Paramjit Deol Today"

**Mississauga $749,000**

**7089 Torbram Rd:** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

**Vaughan $499,000**

**3210 Highway 7 Rd 5511:** Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

**Kitchener $599,000**

**Westmount/Blockline Rd:** Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000**

**39 Shiff Cres:** This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard, Entrance Garage From Inside.

**MISSISSAUGA $299,000**
Photo Not Available
**7885 Tranmere Dr:** Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

**Misissauga $749,000**

**7089 Torbram Rd :** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000**
Photo Not Available
**23 Wilmot St:** Sale Of Business With Property Gas Stations in Blandford-Blenheim Oxford area. For more information Call Paramjit Deol at 905-405-8484.

**Oshawa $659,000**
Photo Not Available
**Simcoe St/Highway 407:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

**Brampton $1,900,000**
Photo Not Available
**115 Orenda Dr:** Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks, Very Low Rent, Tons Of Inventory.

**Brampton $749,000**

**Mississauga Rd/Sandalwood Pkwy :** 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

**Barrie $769,000**

**Ferndale & Edgehill :** Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

**Oshawa $659,000**
Photo Not Available
**150 Windfields Farm Dr 86:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000**

**124 Cornwall Rd:** Move In Ready Designer Concept, Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500**

**Queen St/Logan Ave:** Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888**

**King St/Industry:** Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.


**Mississauga $715,000**

**Derry And Mclaughlin:** One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019


# ਭਾਰਤੀ ਮੂਲ ਦੀ ਕੁੜੀ ਨੇ ਕੋਵਿਡ-19 ਦਾ ਸੰਭਾਵਤ ਇਲਾਜ ਲੱਭ ਕੇ 25 ਹਜ਼ਾਰ ਡਾਲਰ ਦਾ ਇਨਾਮ ਜਿੱਤਿਆ

ਵਾਸ਼ਿੰਗਟਨ, 19 ਅਕਤੂਬਰ, (ਪੋਸਟ ਬਿਊਰੋ)- ਭਾਰਤੀ ਮੂਲ ਦੀ ਅਮਰੀਕੀ ਕੁੜੀ ਨੂੰ ਇਕ ਵਿਲੱਖਣ ਖੋਜ ਕਰਨ ਲਈ 25,000 ਅਮਰੀਕੀ ਡਾਲਰ ਦਾ ਇਨਾਮ ਮਿਲਿਆ ਹੈ। ਇਹ ਖੋਜ ਕੋਵਿਡ-19 ਦਾ ਸੰਭਾਵਿਤ ਇਲਾਜ ਪੇਸ਼ ਕਰ ਸਕਦੀ ਹੈ। ਭਾਰਤੀ ਮੂਲ ਦੇ ਮਾਪਿਆਂ ਦੀ ਧੀ ਅਨਿਕਾ ਚੇਬਰੋਲੂ (14 ਸਾਲ) ਨੂੰ ਇਹ ਵੱਡਾ ਇਨਾਮ'3ਐੱਮ ਯੰਗ ਸਾਇੰਟਿਸਟ ਚੈਲਿੰਜ'ਵਿਚ ਸਿਖਰਲੇ 10 ਜਣਿਆਂ ਵਿਚ ਆਉਣ ਲਈ ਮਿਲਿਆ ਹੈ।



ਵਰਨਣ ਯੋਗ ਹੈ ਕਿ '3ਐੱਮ ਯੰਗ ਸਾਇੰਟਿਸਟ ਚੈਲਿੰਜ'ਅਮਰੀਕਾ ਦਾ ਸੈਕੰਡਰੀ ਸਕੂਲਾਂ ਦਾ ਸਾਇੰਸ ਦਾ ਇੱਕ ਮੁਕਾਬਲਾ ਹੈ ਅਤੇ '3ਐੱਮ' ਮਿਨੇਸੋਟਾ ਦੀ ਇਕ ਅਮਰੀਕੀ ਕੰਪਨੀ ਹੈ। ਇਸ ਸਾਇੰਸ ਮੁਕਾਬਲੇ ਬਾਰੇ'3ਐੱਮ ਚੈਲਿੰਜ ਵੈਬਸਾਈਟ' ਦੇ ਮੁਤਾਬਕ ਪਿਛਲੇ ਸਾਲ ਇਨਫਲੂਐਂਜਾ ਦੀ ਗੰਭੀਰ ਇਨਫੈਕਸ਼ਨ ਨਾਲ ਜੂਝਣ ਦੇ ਬਾਅਦ ਅਨਿਕਾ ਨੇ ਯੰਗ ਸਾਇੰਟਿਸਟ ਚੈਲਿੰਜ ਵਿਚ ਹਿੱਸਾ ਲੈਣ ਦਾ ਫ਼ੈਸਲਾ ਲਿਆ ਸੀ ਅਤੇ ਉਹ ਇਨਫਲੂਐਂਜਾ ਦਾ ਇਲਾਜ ਲੱਭਣਾ ਚਾਹੁੰਦੀ ਸੀ। ਕੋਵਿਡ-19 ਦੇ ਬਾਅਦ ਉਸ ਨੂੰ ਇੱਕ ਬਦਲ ਗਿਆ ਤੇ ਉਸ ਨੇ ਸਾਰਸ-ਕੋਵਿਡ-2 ਇਨਫੈਕਸ਼ਨ ਵੱਲ ਧਿਆਨ ਕੇਂਦਰਤ ਕੀਤਾ, ਜਿਸ ਵਿੱਚ ਸਫਲ ਰਹੀ ਹੈ। ਉਸ ਨੂੰ ਇਨਾਮ ਦੇ 25 ਹਜ਼ਾਰ ਡਾਲਰ ਦੇ ਨਾਲ '3ਐੱਮ' ਦਾ ਖਾਸ 'ਮੈਂਟਰਸ਼ਿਪ' ਇਨਾਮ ਵੀ ਮਿਲਿਆ ਹੈ। ਅਨਿਕਾ ਨੇ ਕਿਹਾ, 'ਮੈਂ ਅਮਰੀਕਾ ਦੇ ਟੌਪ ਨੌਜਵਾਨ ਵਿਗਿਆਨੀਆਂ ਦੀ ਸੂਚੀ ਵਿਚ ਸ਼ਾਮਲ ਹੋ ਕੇ ਬਹੁਤ ਖੁਸ਼ ਹਾਂ।'

ਵਰਨਣ ਯੋਗ ਹੈ ਕਿ ਕੋਰੋਨਾ ਦਾ ਜਾਨਲੇਵਾ ਵਾਇਰਸ ਆਪਣੇ ਪ੍ਰੋਟੀਨ ਨਾਲ ਫੈਲਦਾ ਹੈ ਅਤੇ ਇਸ ਪ੍ਰੋਟੀਨ ਨੂੰ ਹੀ ਕਿਰਿਆਹੀਣ ਕਰਨ ਲਈ ਅਨਿਕਾ ਨੇ ਇਕ ਅਣੂ ਦੀ ਖੋਜ ਕੀਤੀ ਹੈ। ਅਨਿਕਾ ਨੇ ਆਪਣੀ ਲੀਡ ਅਣੂ ਦੀ ਖੋਜ ਦੇ ਲਈ ਇਨ-ਸਿਲਿਕੋ ਵਿਧੀ ਦੀ ਵਰਤੋਂ ਕੀਤੀ ਹੈ, ਜੋ ਚੋਣਵੇਂ ਤੌਰ ਉੱਤੇ ਸਾਰਸ-ਕੋਵਿ-2 ਵਾਇਰਸ ਦੇ ਸਪਾਈਕ ਪ੍ਰੋਟੀਨ ਨਾਲ ਜੁੜ ਕੇ ਇਸ ਮਾਰੂ ਪ੍ਰਭਾਵ ਵਾਲੇ ਵਾਇਰਸ ਨੂੰ ਇਨ-ਐਕਟਿਵ ਕਰ ਸਕਦੀ ਹੈ।

ਅਨਿਕਾ ਨੇ ਖਬਰ ਏਜੰਸੀ ਨੂੰ ਦੱਸਿਆ, 'ਮੈਂ ਇਕ ਅਣੂ ਵਿਕਸਿਤ ਕੀਤਾ,ਜਿਹੜਾ ਵਾਇਰਸ ਦੇ ਉਸ ਪ੍ਰੋਟੀਨ ਦੇ ਨਾਲ ਜੁੜ ਸਕਦਾ ਹੈ ਅਤੇ ਇਸ ਦੇ ਬਾਅਦ ਇਹ ਪ੍ਰੋਟੀਨ ਆਪਣਾ ਕੰਮ ਕਰਨਾ ਬੰਦ ਕਰ ਦੇਵੇਗਾ।' ਉਸ ਨੇ ਦੱਸਿਆ ਕਿ 8ਵੀਂ ਜਮਾਤ ਵਿਚ ਉਸ ਨੇ ਆਪਣਾ ਪ੍ਰਾਜੈਕਟ ਜਮਾਂ ਕਰ੍ਹਾ ਦਿੱਤਾ ਸੀ।





# MARVES HARDWOOD FLOORING

Services:
Fence - Hardwood Flooring
Stairs - Small Renovation

John
416-787-6551

UK TRUCK TRAINING CENTRE
PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ
ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



Automatic & Manual Trucks
1 on 1 Training

Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

Forklift Training
Forklift $79 Recertification
Counterbalance
Reach Truck

ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।

We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

## Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

# Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto

email: bsidhu@steinmetzlawyers.ca website: www.steinmetzlawyers.ca








Residential
Commercial
Investment

Century 21
President Realty Inc
Brokerage*
Independently Owned and Operated.
Grewalhomes.com

# NEW CONDOS COMING SOON

Beautiful nature, luxurious amenities, a rooftop lifestyle park, close to urban conveniences, in vibrant downtown Mississauga.

Starting From $440,900

## FREE ASSIGNMENT
PERMISSION TO LEASE DURING OCCUPANCY
CAPPED DEVELOPMENT CHARGERS

### QUICK FACTS
Developer: Liberty Developments
Nearest Intersection: Hurontario & Eglinton
Suite Types: 1 Bedroom – 3 Bedroom Suites

### EXTENDED DEPOSIT STRUCTURE
$5,000 with offer
Balance to 5% in 30 days
2.5% in 60 days
2.5% in 90 days
2.5% in 370 days
2.5% in 540 days
5% on Occupancy



Jagdish Grewal
Sales Representative
416 877-6464
or E-mail Jagdish@grewalhomes.com

# ਨਿਧੜਕ ਯੋਧਾ ਸ਼ਾਮ ਸਿੰਘ ਅਟਾਰੀ ਵਾਲਾ


-ਅਵਤਾਰ ਸਿੰਘ ਆਨੰਦ

ਮਹਾਰਾਜਾ ਰਣਜੀਤ ਸਿੰਘ ਸਿੰਘ ਦੇ ਰਾਜ ਵਿੱਚ ਜੇ ਸਿੱਖ ਜਰਨੈਲਾਂ ਦੀ ਗਿਣਤੀ ਕੀਤੀ ਜਾਵੇ ਤਾਂ ਸਭ ਤੋਂ ਪਹਿਲਾਂ ਨਾਂ ਜਰਨੈਲ ਸ਼ਾਮ ਸਿੰਘ ਅਟਾਰੀ ਦਾ ਆਉਂਦਾ ਹੈ, ਜਿਸ ਨੇ ਆਪਣੇ ਦਮ ਉਤੇ ਬਹੁਤ ਸਾਰੇ ਮੈਦਾਨ ਸਰ ਕੀਤੇ। ਮੁਲਤਾਨ ਅਤੇ ਕਸ਼ਮੀਰ ਦੀ ਲੜਾਈ ਵਿੱਚ ਸ਼ਾਮ ਸਿੰਘ ਅਟਾਰੀ ਦੀ ਬਹਾਦਰੀ ਤੋਂ ਖੁਸ਼ ਹੋ ਕੇ ਮਹਾਰਾਜਾ ਨੇ ਉਨ੍ਹਾਂ ਨੂੰ ਹੀਰਿਆਂ ਨਾਲ ਜੜੀ ਕਲਗੀ ਇਨਾਮ ਵਜੋਂ ਦਿੱਤੀ ਸੀ।

ਸ਼ਾਮ ਸਿੰਘ ਦਾ ਜਨਮ 1785 ਈ. ਨੂੰ ਨਿਹਾਲ ਸਿੰਘ ਤੇ ਸ਼ਮਸ਼ੇਰ ਕੌਰ ਦੇ ਘਰ ਹੋਇਆ। ਉਨ੍ਹਾਂ ਦੇ ਵੱਡ ਵਡੇਰਿਆਂ ਦਾ ਪਿਛੋਕੜ ਜੈਸਲਮੇਰ ਸੀ। ਇਹ ਪਹਿਲਾਂ ਫੂਲ ਮਹਿਰਾਜ ਦੇ ਪਿੰਡਾਂ ਵਿੱਚ ਆਬਾਦ ਹੋਏ, ਫਿਰ 1735 ਈ. ਨੂੰ ਜਗਰਾਓਂ ਦੇ ਇਲਾਕੇ ਵਿੱਚ ਕਾਉਂਕੇ ਜਾ ਵੱਸੇ। ਉਸ ਤੋਂ ਬਾਅਦ ਇਨ੍ਹਾਂ ਇਕ ਉਦਾਸੀ ਸੰਤ ਮੂਲ ਦਾਸ ਤੋਂ ਅੰਮ੍ਰਿਤਸਰ ਜ਼ਿਲੇ ਦੇ ਇਕ ਪਿੰਡ ਵਿੱਚ ਮੋੜ੍ਹੀ ਰਖਵਾਈ ਅਤੇ ਉਚੀ ਜਗ੍ਹਾ 'ਤੇ ਤਿੰਨ ਮੰਜ਼ਲਾ ਮਕਾਨ ਉਸਾਰ ਕੇ ਇਸ ਦਾ ਨਾਂ 'ਅਟਾਰੀ' ਰੱਖਿਆ। ਸ਼ਾਮ ਸਿੰਘ ਅਟਾਰੀ ਵਾਲੇ ਦੀ ਪੁੱਤਰੀ ਨਾਨਕੀ ਦਾ ਵਿਆਹ ਮਹਾਰਾਜਾ ਰਣਜੀਤ ਸਿੰਘ ਦੇ ਪੋਤਰੇ ਕੰਵਰ ਨੌਨਿਹਾਲ ਸਿੰਘ ਨਾਲ ਹੋਇਆ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਖਾਲਸਾ ਫੌਜ ਵਿੱਚ ਵਾਪਰਦੀਆਂ ਕੁਝ ਗਲਤ ਘਟਨਾਵਾਂ ਨੂੰ ਵੇਖ ਕੇ ਉਹ ਨੌਕਰੀ ਛੱਡ ਕੇ ਅਟਾਰੀ ਆ ਗਏ।

ਸਿੱਖ ਰਾਜ ਨੂੰ ਹਥਿਆਉਣ ਲਈ ਡੋਗਰਿਆਂ ਨੇ ਫਿਰੰਗੀਆਂ ਨਾਲ ਮਿਲ ਕੇ ਕੋਝੀਆਂ ਹਰਕਤਾਂ ਹੇਠ ਸਿੱਖ ਰਾਜ ਨੂੰ ਕਮਜ਼ੋਰ ਕਰਨਾ ਸ਼ੁਰੂ ਕਰ ਦਿੱਤਾ ਸੀ। ਇਨ੍ਹਾਂ ਸਾਜਿਸ਼ਾਂ ਸਦਕਾ ਸਿੱਖ ਫੌਜਾਂ ਮੁਦਕੀ, ਫੇਰੂ ਸ਼ਹਿਰ, ਬੱਦੋਵਾਲ ਤੇ ਆਲੀਵਾਲ ਦੀਆਂ ਲੜਾਈਆਂ ਹਾਰ ਚੁੱਕੀਆਂ ਸਨ। ਦੂਸਰੇ ਪਾਸੇ ਖਾਲਸਾ ਰਾਜ ਦੇ ਨਮਕ ਹਰਾਮੀ ਵਜ਼ੀਰ ਧਿਆਨ ਸਿੰਘ ਡੋਗਰੇ ਦੀ ਮਾੜੀ ਨੀਤੀ ਸਿੱਖ ਰਾਜ ਦੀ ਪਿੱਠ ਵਿੱਚ ਗਦਾਰੀ ਦਾ ਛੁਰਾ ਮਾਰ ਰਹੀ ਸੀ। ਅਖੀਰ ਜਦੋਂ ਸਿੱਖ ਫੌਜਾਂ ਦੀ ਵਾਗਡੋਰ ਸਾਂਭਣ ਵਾਲਾ ਕੋਈ ਯੋਧਾ ਨਾ ਰਿਹਾ ਤਾਂ ਮਹਾਰਾਣੀ ਜਿੰਦ ਕੌਰ ਨੇ ਸ਼ਾਮ ਸਿੰਘ ਅਟਾਰੀ ਵਾਲੇ ਨੂੰ ਚਿੱਠੀ ਲਿਖ ਕੇ ਫੌਜਾਂ ਦੀ ਵਾਗਡੋਰ ਸਾਂਭਣ ਲਈ ਕਿਹਾ। ਚਿੱਠੀ ਵਿੱਚ ਜਦੋਂ ਸਿੱਖਾਂ ਦੀ ਹਾਰ ਤੇ ਗਦਾਰਾਂ ਦੀ ਗਦਾਰੀ ਬਾਰੇ ਪੜ੍ਹਿਆ ਤਾਂ ਸ਼ਾਮ ਸਿੰਘ ਅਟਾਰੀ ਦਾ ਚਿਹਰਾ ਲਾਲ ਹੋ ਗਿਆ। ਮਾਝੇ ਦੇ ਪਿੰਡਾਂ ਤੋਂ ਹੋਰ ਸਿੰਘ ਨਾਲ ਲੈ ਕੇ ਉਨ੍ਹਾਂ ਅਟਾਰੀ ਤੋਂ ਅਰਦਾਸ ਕੀਤੀ ਕਿ ਜਾਂ ਉਹ ਰਣ ਮੈਦਾਨ ਵਿੱਚ ਜਿੱਤ ਕੇ ਆਵੇਗਾ ਜਾਂ ਸ਼ਹੀਦੀ ਪਾਵੇਗਾ।

ਦਰਦ ਭਰੀ ਚਿੱਠੀ ਪੜ੍ਹ ਕੇ ਸ਼ਾਮ ਸਿੰਘ ਅਟਾਰੀ ਵਾਲੇ ਨੇ ਪਰਵਾਰ ਨੂੰ ਫਤਹਿ ਬੁਲਾ ਕੇ ਘੋੜੇ ਦੀਆਂ ਵਾਗਾਂ ਖਿੱਚੀਆਂ ਅਤੇ ਸਭਰਾਵਾਂ ਨੇੜੇ ਮੈਦਾਨ-ਏ-ਜੰਗ ਵਿੱਚ ਪਹੁੰਚ ਕੇ ਲੜਾਈ ਦੀ ਆਖਰੀ ਰਣਨੀਤੀ ਘੜਨੀ ਸ਼ੁਰੂ ਕਰ ਦਿੱਤੀ। ਭਾਵੇਂ ਆਪਣਿਆਂ ਦੇ ਧੋਖਿਆਂ ਕਰਕੇ ਸਿੱਖ ਰਾਜ ਦੀ ਜਿੱਤ ਦਾ ਕੋਈ ਰਸਤਾ ਨਜ਼ਰ ਨਹੀਂ ਸੀ ਆ ਰਿਹਾ, ਫਿਰ ਵੀ ਖਾਲਸਾ ਫੌਜ ਆਪਣੀ ਆਨ ਸ਼ਾਨ ਤੇ ਦੇਸ਼ ਦੀ ਆਜ਼ਾਦੀ ਲਈ ਮਰ ਮਿਟਣ ਨੂੰ ਤਿਆਰ ਸੀ। ਆਖਰ ਸਿਰ ਧੜ ਦੀ ਬਾਜ਼ੀ ਜਿੱਤਣ ਲਈ ਸਭਰਾਵਾਂ ਦੇ ਮੈਦਾਨ ਵਿੱਚ ਜੂਝਣ ਲਈ ਦੋਵੇਂ ਫੌਜਾਂ ਇਕ ਦੂਸਰੇ ਦੇ ਸਾਹਮਣੇ ਆ ਗਈਆਂ। ਸਮਾਂ ਬਹੁਤ ਭਿਆਨਕ ਸੀ। ਭਾਵੇਂ ਖਾਲਸਾ ਫੌਜਾਂ ਨੇ ਦਿਲ ਨਹੀਂ ਛੱਡਿਆ, ਪਰ ਪਹਿਲੀਆਂ ਹਾਰਾਂ ਨੇ ਫੌਜਾਂ ਦਾ ਲੱਕ ਤੋੜ ਛੱਡਿਆ ਸੀ।



ਸਰਦੀ ਦਾ ਮੌਸਮ ਸੀ। 10 ਫਰਵਰੀ 1846 ਨੂੰ ਸ਼ਾਮ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਅਰਦਾਸ ਕੀਤੀ। ਖਾਲਸਾ ਫੌਜ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਨੇ ਆਪਣੇ ਗੁਰੂਆਂ, ਕੌਮੀ ਸ਼ਹੀਦਾਂ, ਮੁਰੀਦਾਂ ਤੇ ਪੁਰਖਿਆਂ ਦੀਆਂ ਕੁਰਬਾਨੀਆਂ ਤੇ ਕਾਰਨਾਮਿਆਂ ਦੀ ਯਾਦ ਤਾਜ਼ਾ ਕਰਵਾਈ। ਸਭਰਾਉਂ (ਜ਼ਿਲਾ ਫਿਰੋਜ਼ਪੁਰ, ਨੇੜੇ ਕਸਬਾ ਮਖੂ) ਦੇ ਮੈਦਾਨ-ਏ-ਜੰਗ ਵਿੱਚ ਅੰਗਰੇਜ਼ ਤੇ ਖਾਲਸਾ ਫੌਜਾਂ ਦੀ ਆਰ-ਪਾਰ ਦੀ ਗਹਿਗੱਚ ਜੰਗ ਸ਼ੁਰੂ ਹੋ ਗਈ। ਦੋਵੇਂ ਬਾਦਸ਼ਾਹੀ ਫੌਜਾਂ ਭਾਰੀਆਂ ਸਨ, ਪਰ ਸਿੰਘਾਂ ਦੇ ਜੋਸ਼ ਅੱਗੇ ਫਿਰੰਗੀਆਂ ਦੇ ਪੈਰ ਖਿਸਕ ਰਹੇ ਸਨ। ਖੂਬ ਗੋਲੀਆਂ ਚੱਲੀਆਂ ਅਤੇ ਖੰਡੇ ਖੜਕੇ। ਸਿੰਘਾਂ ਨੇ ਆਪਣੀ ਰਵਾਇਤ ਕਾਇਮ ਰੱਖਦੇ ਹੋਏ ਇਕ ਵਾਰ ਫਿਰ ਬਹਾਦਰੀ, ਜਜ਼ਬੇ ਅਤੇ ਸੂਰਬੀਰਤਾ ਦੀ ਮਿਸਾਲ ਕਾਇਮ ਕੀਤੀ ਅਤੇ ਵੈਰੀਆਂ ਨੂੰ ਹੱਥਾਂ ਪੈਰਾਂ ਦੀ ਪਾ ਦਿੱਤੀ।

ਸਿੱਖ ਫੌਜ ਜਿੱਤਦੀ-ਜਿੱਤਦੀ ਗਦਾਰ ਆਗੂਆਂ ਕਰਕੇ ਮਾਰ ਖਾ ਗਈ। ਸਭਰਾਵਾਂ ਦੀ ਜੰਗ ਵਿੱਚ ਜਦੋਂ ਸਿੱਖ ਫੌਜਾਂ ਜੰਗ ਛੱਡ ਕੇ ਭੱਜਣ ਨੂੰ ਤਿਆਰ ਸਨ ਤਾਂ ਸ਼ਾਮ ਸਿੰਘ ਅਟਾਰੀ ਵਾਲਾ ਨੇ ਮੌਕੇ 'ਤੇ ਆ ਕੇ ਜੰਗ ਦਾ ਰੁਖ ਹੀ ਬਦਲ ਦਿੱਤਾ। ਸਿੱਖ ਹਾਰਦੇ-ਹਾਰਦੇ ਮੁੜ ਜਿੱਤਣ ਲੱਗੇ। ਦੇਖਦੇ ਹੀ ਦੇਖਦੇ ਸਿੱਖ ਫੌਜਾਂ ਨੇ ਗੋਰਿਆਂ ਦੇ ਸੱਥਰ ਵਿਛਾ ਦਿੱਤੇ। ਅੰਗਰੇਜ਼ ਫੌਜ ਦੇ ਜਰਨਲ ਸਮੇਤ ਉਸ ਦੀ ਫੌਜ ਜੰਗ ਛੱਡ ਕੇ ਜਾਨ ਬਚਾਉਣ ਲਈ ਭੱਜਣ ਲੱਗੀ। ਕਈ ਜ਼ਰੂਰੀ ਕਾਗਜ਼ ਸਾੜ ਕੇ ਸੁਆਹ ਕਰ ਦਿੱਤੇ। ਉਸ ਵੇਲੇ ਖਾਲਸਾ ਫੌਜਾਂ ਦੀ ਬਹਾਦਰੀ ਵੇਖ ਕੇ ਮੁਸਲਮਾਨ ਸ਼ਾਇਰ ਸ਼ਾਹ ਮੁਹੰਮਦ ਨੇ ਲਿਖਿਆ:

ਆਈਆਂ ਪਲਟਣਾਂ ਬੀੜ ਕੇ ਤੋਪਖਾਨੇ,
ਅੱਗੋਂ ਸਿੰਘਾਂ ਨੇ ਪਾਸੜੇ ਤੋੜ ਸੁੱਟੇ।
ਮੇਵਾ ਸਿੰਘ ਤੇ ਮਾਖੇ ਖਾਂ ਹੋਏ ਸਿੱਧੇ,
ਹੱਲੇ ਤਿੰਨ ਫਰੰਗੀਆਂ ਦੇ ਮੋੜ ਸੁੱਟੇ।
ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ,
ਬੰਨ੍ਹ ਸ਼ਸਤਰੀਂ ਜੋੜ ਵਿਛੋੜ ਸੁੱਟੇ।
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ,
ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ।

ਭਾਵੇਂ ਜਰਨੈਲ ਸ਼ਾਮ ਸਿੰਘ ਅਟਾਰੀ ਵਾਲੇ ਨੇ ਸਭਰਾਵਾਂ ਦੇ ਮੈਦਾਨ ਵਿੱਚ ਅੰਗਰੇਜ਼ਾਂ ਨੂੰ ਪਿੱਛੇ ਭੱਜਣ ਲਈ ਮਜਬੂਰ ਕਰ ਦਿੱਤਾ, ਪਰ ਗਦਾਰ ਜਰਨੈਲਾਂ ਨੇ ਜਦੋਂ ਤੋਪਾਂ ਵਿੱਚ ਪੈਣ ਵਾਲੇ ਬਾਰੂਦ ਦੀ ਜਗ੍ਹਾ ਸਰੋਂ ਦੀਆਂ ਬਰੀਆਂ ਭੇਜ ਦਿੱਤੀਆਂ ਤੇ ਭੱਜਦੇ ਅੰਗਰੇਜ਼ਾਂ ਨੂੰ ਸੁਨੇਹਾ ਦੇ ਦਿੱਤਾ ਕਿ ਸਿੱਖਾਂ ਕੋਲ ਲੜਨ ਵਾਸਤੇ ਬਾਰੂਦ ਨਹੀਂ ਤਾਂ ਅੰਗਰੇਜ਼ਾਂ ਨੇ ਦੁਬਾਰਾ ਹੱਲਾ ਬੋਲ ਦਿੱਤਾ। ਸਿੱਖਾਂ ਨੇ ਮੈਦਾਨ ਨਹੀਂ ਛੱਡਿਆ ਤੇ ਲੜਦਿਆਂ ਸ਼ਹੀਦੀਆਂ ਪ੍ਰਾਪਤ ਕੀਤੀਆਂ। ਗਦਾਰਾਂ ਨੇ ਦਰਿਆ 'ਤੇ ਬਣਿਆ ਪੁਲ ਵੀ ਤੋੜ ਦਿੱਤਾ। ਅਖੀਰ 10 ਫਰਵਰੀ 1846 ਦੀ ਸ਼ਾਮ ਨੂੰ ਉਧਰ ਸੂਰਜ ਡੁੱਬ ਗਿਆ, ਇੱਧਰ ਸਿੱਖ ਰਾਜ ਦਾ ਆਖਰੀ ਥੰਮ੍ਹ ਸ਼ਾਮ ਸਿੰਘ ਅਟਾਰੀ ਵਾਲਾ ਹਿੱਕ ਉੱਤੇ ਸੱਤ ਗੋਲੀਆਂ ਖਾ ਕੇ ਡਿੱਗ ਪਿਆ ਤੇ ਸ਼ਹੀਦੀ ਪ੍ਰਾਪਤ ਕਰ ਗਿਆ। ਪਤੀ ਦੀ ਮੌਤ ਦੀ ਖਬਰ ਸੁਣਦਿਆਂ ਹੀ ਸ਼ਾਮ ਸਿੰਘ ਅਟਾਰੀ ਵਾਲਿਆਂ ਦੀ ਪਤਨੀ ਮਾਈ ਦੇਸ਼ਾਂ ਨੇ 10 ਫਰਵਰੀ 1846 ਵਾਲੇ ਦਿਨ ਹੀ ਆਪਣੇ ਪ੍ਰਾਣ ਤਿਆਗ ਦਿੱਤੇ। ਸ਼ਹੀਦ ਸ਼ਾਮ ਸਿੰਘ ਹੁਰਾਂ ਦਾ ਸਸਕਾਰ 12 ਫਰਵਰੀ ਨੂੰ ਪਿੰਡ ਅਟਾਰੀ ਵਿੱਚ ਉਨ੍ਹਾਂ ਦੀ ਪਤਨੀ ਦੀ ਚਿਖਾ ਨੇੜੇ ਹੀ ਕੀਤਾ ਗਿਆ ਸੀ।

ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਹਲਕਾ ਫੁਲਕਾ

ਪਤੀ (ਪਤਨੀ ਨੂੰ), "ਅੱਜ ਤੈਨੂੰ ਮੇਰਾ ਬਾਂਸੁਰੀ ਵਜਾਉਣਾ ਬੁਰਾ ਲੱਗਦਾ ਹੈ, ਪਰ ਇੱਕ ਦਿਨ ਮੇਰੇ ਵੱਲੋਂ ਬਾਂਸੁਰੀ ਵਜਾਉਣ 'ਤੇ ਹੀ ਪ੍ਰਭਾਵਤ ਹੋ ਕੇ ਤੂੰ ਮੇਰੇ ਨਾਲ ਵਿਆਹ ਕਰਵਾ ਲਿਆ ਸੀ।"

ਪਤਨੀ (ਗੁੱਸੇ ਨਾਲ), "ਹਾਂ ਕਰਵਾਇਆ ਸੀ, ਪਰ ਬਾਂਸੁਰੀ ਵਜਾਉਣ ਤੋਂ ਪ੍ਰਭਾਵਤ ਹੋ ਕੇ ਨਹੀਂ, ਸਗੋਂ ਇਹ ਸੋਚ ਕੇ ਕੀਤਾ ਸੀ ਕਿ ਜਿਸ ਤਰ੍ਹਾਂ ਤੁਸੀਂ ਬਾਂਸੁਰੀ ਵਿੱਚ ਫੂਕ ਮਾਰਦੇ ਹੋ, ਉਸੇ ਤਰ੍ਹਾਂ ਚੁੱਲ੍ਹਾ ਵੀ ਚੰਗੀ ਤਰ੍ਹਾਂ ਫੂਕੋਗੇ।"

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰ੍ਹਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿਚ
SINGH (TOCHI)
416-454-3031
647-784-8240
CANADIAN GLASS AND WINDOW
Email: tochisangha1@hotmail.com

## ਮਾਇਆ ਦਾ ਜਾਲ..

-ਅਜੀਤ ਕਮਲ-

ਜ਼ਿੰਦਗੀ ਵਿੱਚ ਬਹੁਤ ਅਜਿਹੇ ਮੌਕੇ ਆਏ, ਜਦੋਂ ਅਣਕਿਆਸੇ ਖਰਚੇ ਸਿਰ ਪੈ ਗਏ। ਪਹਿਲਾਂ ਦਫਤਰ ਦੁਪਹਿਰ ਦੀ ਰੋਟੀ ਨਾਲ ਨਹੀਂ ਲਿਜਾਂਦਾ ਸਾਂ। ਰੋਜ਼ ਦੁਪਹਿਰੇ ਦਫਤਰ ਕੁਲਚੇ ਛੋਲੇ ਵਾਲਾ ਆ ਜਾਂਦਾ ਤੇ ਦੋ ਰੁਪਏ ਪਲੇਟ ਨਾਲ ਦੁਪਹਿਰ ਦਾ ਡੰਗ ਟੱਪ ਜਾਂਦਾ ਸੀ। ਉਂਜ ਸਿਰਫ ਦੋ ਰੁਪਏ ਵਿੱਚ ਗੁਜ਼ਾਰਾ ਨਹੀਂ ਸੀ ਹੁੰਦਾ। ਜਦੋਂ ਵੀ ਦੁਪਹਿਰੇ ਕੁਲਚੇ ਛੋਲੇ ਵਾਲੇ ਤੋਂ ਪਲੇਟ ਮੰਗਵਾਉਣੀ ਤਾਂ ਦਫਤਰ ਦਾ ਸੇਵਾਦਾਰ ਸੁਪਰਡੰਟ ਨੂੰ ਦੱਸ ਦਿੰਦਾ ਤੇ ਐਨ ਮੌਕੇ ਉਤੇ ਸੁਪਰਡੰਟ ਆ ਜਾਂਦਾ। ਰੀਸੋ ਰੀਸੇ ਇਕ ਅੱਧਾ ਹੋਰ ਸਹਿਯੋਗੀ ਉਥੇ ਆ ਨਿਕਲਦਾ। ਇਸ ਲਈ ਮੈਂ ਦੁਪਹਿਰ ਦੀ ਘਰੋਂ ਰੋਟੀ ਲਿਆਉਣੀ ਠੀਕ ਸਮਝੀ।

ਇੰਜ ਹੀ ਹਰ ਸ਼ਨਿੱਚਰਵਾਰ ਦਫਤਰ ਦਾ ਸੁਪਰਡੰਟ ਤੇ ਮੈਂ ਦਫਤਰ ਆ ਜਾਂਦੇ, ਰਹਿੰਦਾ ਕੰਮ ਨਿਬੇੜਦੇ ਤੇ ਬਾਅਦ ਦੁਪਹਿਰ ਘਰਾਂ ਨੂੰ ਚਲੇ ਜਾਂਦੇ। ਇਕ ਸ਼ਨਿਚਰਵਾਰ ਕੰਮ ਛੇਤੀ ਮੁਕਾ ਕੇ ਅਸੀਂ ਘਰ ਨੂੰ ਚੱਲ ਲਏ। ਹਰ ਸ਼ਨਿਚਰਵਾਰ ਮੈਂ ਅਕਸਰ ਸਿਨਮਾ ਰੋਡ (ਬਟਾਲਾ) ਉਤੇ ਬਾਜਵਾ ਫੋਟੋਜ਼ ਦੀ ਦੁਕਾਨ 'ਤੇ ਜਾਂਦਾ ਸਾਂ। ਉਥੇ ਕਈ ਸਾਹਿਤਕਾਰ ਵੀ ਮਿਲ ਪੈਂਦੇ। ਰਸਤੇ ਵਿੱਚ ਜੈਲ ਘਰ ਅੱਗੇ ਭਟੂਰਿਆਂ ਦੀ ਰੇੜ੍ਹੀ ਲੱਗਦੀ ਸੀ। ਜਾਂਦਿਆਂ ਉਥੋਂ ਦੋ ਰੁਪਏ ਦੇ ਦੋ ਭਠੂਰੇ ਖਾ ਕੇ ਮੁੜ ਬਾਜਵੇ ਦੀ ਦੁਕਾਨ 'ਤੇ ਚਲੇ ਜਾਣਾ, ਜਿਥੋਂ ਰਾਤ ਪਏ ਘਰ ਨੂੰ ਮੁੜੀਦਾ ਸੀ। ਉਸ ਦਿਨ ਡੇਰਾ ਰੋਡ ਫਾਟਕ 'ਤੇ ਜਾਣ 'ਤੇ ਮਨ ਵਿੱਚ ਆਇਆ ਕਿ ਦੁਪਹਿਰ ਦਾ ਵੇਲਾ ਹੈ, ਘਰੋਂ ਹੁੰਦੇ ਜਾਂਦੇ ਹਾਂ। ਗਰਮ-ਗਰਮ ਰੋਟੀ ਪੱਕਦੀ ਹੋਣੀ ਏ, ਉਹ ਖਾ ਕੇ ਬਾਜਵਾ ਜੀ ਕੋਲ ਚਲੇ ਜਾਵਾਂਗਾ। ਡੇਰਾ ਰੋਡ ਦੇ ਫਾਟਕ ਤੋਂ ਖੱਬੇ ਪਾਸੇ ਚੰਦਰ ਨਗਰ ਮੁਹੱਲੇ ਵਿੱਚ ਮੇਰਾ ਘਰ। ਸਾਈਕਲ ਘਰ ਵੱਲ ਮੋੜ ਲਿਆ। ਸਾਈਕਲ ਘਰ ਦੇ ਬਾਹਰ ਖੜਾ ਰਹਿਣ ਦਿੱਤਾ। ਅੰਦਰ ਵੜਦਿਆਂ ਹੀ ਬਾਹਰਲੀ ਬੈਠਕ ਵਿੱਚੋਂ ਗੱਲਾਂ ਕਰਦਿਆਂ ਦੀ ਆਵਾਜ਼ ਸੁਣਾਈ ਦਿੱਤੀ। ਝਾਤੀ ਮਾਰੀ ਤਾਂ ਆਪਣੇ ਹੀ ਪ੍ਰਾਹੁਣੇ ਨਿਕਲੇ। ਇਕ ਮੇਰਾ ਭਣੋਈਆ ਅਤੇ ਦੂਜਾ ਉਸ ਦਾ ਵੱਡਾ ਭਰਾ ਸੀ, ਜਿਸ ਨਾਲ ਭੈਣ ਦੇ ਵਿਆਹ ਸਮੇਂ ਮੇਰੀ ਮਿਲਣੀ ਹੋਈ ਸੀ। ਉਹ ਚਾਹ ਪੀ ਰਹੇ ਸਨ।

ਗੱਲਬਾਤ ਦੌਰਾਨ ਉਨ੍ਹਾਂ ਦੱਸਿਆ ਕਿ ਧਾਰੀਵਾਲ ਤੋਂ ਹੋ ਕੇ ਆਏ ਹਨ। ਧਾਰੀਵਾਲ ਭਣੋਈਏ ਦੇ ਵੱਡੇ ਭਰਾ ਦੇ ਸਹੁਰੇ ਹਨ ਤੇ ਉਨ੍ਹਾਂ ਦੀ ਭੂਆ ਵੀ ਉਥੇ ਵਿਆਹੀ ਹੋਈ ਹੈ। ਆਪ ਉਹ ਲੁਧਿਆਣੇ ਰਹਿੰਦਾ ਹੈ। ਭੈਣ ਦੇ ਵਿਆਹ ਤੋਂ ਬਾਅਦ ਅੱਜ ਕਈ ਸਾਲਾਂ ਬਾਅਦ ਉਸ ਦੇ ਦਰਸ਼ਨ ਹੋਏ ਸਨ। ਪ੍ਰਾਹੁਣਚਾਰੀ ਦੀ ਰਸਮ ਵਿੱਚ ਮੈਂ ਕਹਿ ਬੈਠਾ, 'ਬੜੇ ਚਿਰਾਂ ਬਾਅਦ ਆਏ ਹੋ, ਰਾਤ ਰਹੋ।' ਉਹ ਝੱਟ ਕਹਿਣ ਲੱਗੇ, 'ਜੇ ਤੁਸੀਂ ਨਾ ਮਿਲਦੇ ਤਾਂ ਚਲੇ ਜਾਣਾ ਸੀ, ਕਹਿੰਦੇ ਹੋ ਤਾਂ ਰਹਿ ਪੈਂਦੇ ਹਾਂ।' ਇਸ ਦੇ ਨਾਲ ਪ੍ਰਾਹਣਿਆਂ ਦੇ ਰਾਤ ਦੇ ਖਾਣ ਪੀਣ ਦਾ ਫਿਕਰ ਪੈ ਗਿਆ। ਭਾਵੇਂ ਸਰਕਾਰੀ ਨੌਕਰੀ ਕਰਦਾ ਸਾਂ, ਪਰਵਾਰ ਵੱਡਾ ਹੋਣ ਕਰਕੇ ਅਤੇ ਹਰ ਹਫਤੇ ਕਿਸੇ ਨਾ ਕਿਸੇ ਪ੍ਰਾਹੁਣੇ ਦੀ ਆਮਦ ਨਾਲ ਬਜਟ ਡੋਲਿਆ ਹੁੰਦਾ ਸੀ। ਦਫਤਰ ਹੁੰਦਾ ਤਾਂ ਕਿਸੇ ਤੋਂ ਉਧਾਰੇ ਮੰਗ ਲੈਣੇ ਸੀ। ਪਿਤਾ ਜੀ ਦੁਕਾਨ ਕਰਦੇ ਸਨ, ਪਰ ਉਨ੍ਹਾਂ ਤੋਂ ਪੈਸੇ ਕਦੇ ਮੰਗੇ ਨਹੀਂ ਸਨ। ਜੇਬ ਵਿੱਚ ਪੂਰੇ ਸੌ ਵੀ ਨਹੀਂ ਸਨ। ਤੁਰੰਤ ਸੋਚ ਦੁੜਾਈ। ਸਿੰਬਲ ਚੌਕ ਵਿੱਚ ਜਿਊਲ ਇੰਜੀਨੀਅਰਿੰਗ ਵਰਕਸ ਦੇ ਸਾਹਮਣੇ ਫਲਾਂ ਦੀ ਰੇਹੜੀ ਲਾਉਂਦੇ ਕਿਸ਼ਨ ਸਿੰਘ ਨਾਲ ਵਾਕਫੀਅਤ ਸੀ। ਝੱਟ ਉਸ ਕੋਲ ਗਿਆ ਤੇ ਬੋਤਲ ਲਿਆ ਕੇ ਦੇਣ ਲਈ ਕਿਹਾ, ਜਿਹੜੀ 155 ਰੁਪਏ ਦੀ ਆਈ। ਸਬਜ਼ੀ ਮੈਂ ਆਪਣੇ ਕੋਲੋਂ ਲੈ ਲਈ। ਪ੍ਰਾਹੁਣੇ ਸਵੇਰੇ ਖੁਸ਼ੀ-ਖੁਸ਼ੀ ਵਾਪਸ ਚਲੇ ਗਏ। ਮਨ ਹੀ ਮਨ ਮੈਂ ਇਹ ਚਿਤਵਦਾ ਰਿਹਾ ਕਿ ਜੇ ਦੋ ਰੁਪਏ ਬਚਾਉਣ ਦਾ ਖਿਆਲ ਮਨ ਵਿੱਚ ਨਾ ਆਇਆ ਹੁੰਦਾ ਤਾਂ ਸ਼ਾਇਦ ਦੋ ਸੌ ਰੁਪਏ ਦਾ ਖਰਚਾ ਨਾ ਪੈਂਦਾ, ਪਰ ਭਾਣਾ ਮੰਨਣ ਦੀ ਭਾਵਨਾ ਤਹਿਤ ਇਸ ਵਿਚਾਰ ਨੂੰ ਮਨ ਵਿੱਚੋਂ ਕੱਢ ਦਿੱਤਾ ਅਤੇ ਇਸ ਵਿਚਾਰ ਨਾਲ ਮਨ ਸ਼ਾਂਤ ਕੀਤਾ ਕਿ ਜਵਾਈ ਨੇ ਨਿੱਤ ਆਉਣਾ ਹੈ, ਉਸ ਦੇ ਭਾਈ ਨੇ ਕਦੇ ਕਦਾਈਂ ਆਉਣਾ ਹੈ।

ਦਫਤਰ ਤੋਂ ਪੈਸੇ ਲੈ ਕੇ ਜਦੋਂ ਸੋਮਵਾਰ ਕਿਸ਼ਨ ਸਿੰਘ ਨੂੰ ਬੋਤਲ ਦੇ ਪੈਸੇ ਦੇਣ ਗਿਆ ਤਾਂ ਉਸ ਨੇ ਹੱਸਦਿਆਂ ਕਿਹਾ, 'ਤੁਸੀਂ ਸਰਕਾਰੀ ਨੌਕਰੀ ਕਰਦੇ ਹੋ ਤਾਂ ਤੁਹਾਡਾ ਇਹ ਹਾਲ ਹੈ, ਦੂਜਿਆਂ ਦਾ ਕਿਵੇਂ ਸਰਦਾ ਹੋਊ?' ਮੈਂ ਮਹਿਸੂਸ ਕੀਤਾ ਕਿ ਬੰਦੇ ਨੂੰ ਇੰਨਾ ਕੁ ਸੰਜਮ ਕਰਨਾ ਹੀ ਬਣਦਾ ਹੈ ਕਿ ਅਚਾਨਕ ਪ੍ਰਾਹੁਣੇ ਆਉਣ ਉਤੇ ਜਾਂ ਘਰ ਦੇ ਕਿਸੇ ਜੀਅ ਦੇ ਬਿਮਾਰ ਹੋਣ ਕਰ ਕੇ ਅਚਾਨਕ ਪੈਸੇ ਦੀ ਲੋੜ ਦੀ ਪੂਰਤੀ ਲਈ ਕੁਝ ਨਾ ਕੁਝ ਕੋਲ ਰੱਖਣਾ ਚਾਹੀਦਾ ਹੈ। ਇਸ ਘਟਨਾ ਤੋਂ ਅਜਿਹਾ ਸਬਕ ਮਿਲਿਆ ਕਿ ਮੁੜ ਕਦੇ ਅਜਿਹੀ ਨੌਬਤ ਨਹੀਂ ਆਈ।

MERCURY WANTED
ਬਹੁਤ ਸਾਰੇ ਪੁਰਾਣੇ ਉਤਪਾਦਾਂ ਵਿੱਚ ਪਾਰਾ ਹੁੰਦਾ ਹੈ
ਉਹਨਾਂ ਨੂੰ ਮੁਫਤ ਵਿਚ ਰੀਸਾਈਕਲ ਕਰੋ ਅਤੇ
ਪਾਰਾ ਨੂੰ ਵਾਤਾਵਰਣ ਤੋਂ ਬਾਹਰ ਰੱਖੋ
ਹੁਣ ਤੱਕ, ਪੀਲ ਦੇ ਖੇਤਰ ਨੇ 23,865 ਗ੍ਰਾਮ ਪਾਰਾ ਇਕੱਠਾ ਕੀਤਾ ਹੈ! ਤੁਹਾਡੀ ਸਹਾਇਤਾ ਨਾਲ, 15 ਲੱਖ ਤੋਂ ਵੱਧ ਓਲੰਪਿਕ ਤੈਰਾਕੀ ਪੂਲ ਦੇ ਬਰਾਬਰ ਦੇ ਮੁੱਲ ਦਾ ਪਾਣੀ ਅਤੇ ਜਲਮਾਰਗ ਨੂੰ ਝੀਲਾਂ ਵਿੱਚ ਸੁਰੱਖਿਅਤ ਕੀਤਾ ਗਿਆ ਸੀ
Loose Liquid Mercury
Blood Pressure Gauges
Relay Switches
Thermostats
Thermometers
Float Switches
Button-Cell Batteries
Fluorescent Tubes†
CFL Bulbs†
ਪਹਿਲੇ 600 ਵਸਨੀਕ ਆਪਣਾ ਪਾਰਾ ਉਤਪਾਦ * ਨੂੰ ਸੁੱਟਣ ਤੇ 'ਇੱਕ ਮੁਫਤ ਡਿਜੀਟਲ ਥਰਮਾਮੀਟਰ ਪ੍ਰਾਪਤ ਕਰਨਗੇ
One thermometer per car/per day. *Mercury lighting and batteries excluded.
† Max. 40 per resident per day for mercury lighting
Ontario Trillium Foundation · scout · Region of Peel working with you · Mercury Roundup
ਅੱਜ ਹੀ ਆਪਣੇ ਪਾਰਾ ਉਤਪਾਦਾਂ ਨੂੰ ਸਥਾਨਕ ਕਮਿਊਨਿਟੀ ਰੀਸਾਈਕਲਿੰਗ ਸੈਂਟਰ ਵਿੱਚ ਲਿਆਓ।
ਵਧੇਰੇ ਜਾਣਕਾਰੀ ਲਈ MercuryRoundup.ca/Peel ਨੂੰ ਦੇਖੋ।

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁੱਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ: 110 Glidden Rd., Brampton
ਜਾਂ ਫੇਰ ਈ-ਮੇਲ ਕਰੋ: jbrown@dundasjafine.com kkaur@dundasjafine.com

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

ਹੋਟਲ ਵਿਚ ਕਲੀਨਿੰਗ ਦਾ ਕੰਮ ਕਰਨ ਲਈ ਇਕ ਔਰਤ ਦੀ ਜ਼ਰੂਰਤ
*ਵਧੀਆ ਘੰਟੇ
*15.50 ਡਾਲਰ ਪ੍ਰਤੀ ਘੰਟਾ ਰੇਟ
Locahon Kipling & Queensway (Etobicoke)
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
416-816-1695

# ਲੋਕਾਯੁਕਤ ਨੂੰ 'ਕੰਮ ਹੀ ਨਹੀਂ ਕਰਨ ਦੇਣਾ' ਤਾਂ ਨਿਯੁਕਤੀ ਕਿਉਂ

-ਹਰੀ ਜੈਸਿੰਘ-

ਜਸਟਿਸ ਪ੍ਰਫੁੱਲ ਕੁਮਾਰ ਮਿਸ਼ਰਾ (ਰਿਟਾ) ਵੱਲੋਂ ਗੋਆ 'ਚ ਲੋਕਾਯੁਕਤ ਵਜੋਂ ਸਾਢੇ ਚਾਰ ਸਾਲਾਂ ਤੱਕ ਕੰਮ ਕਰਨ ਪਿੱਛੋਂ ਪ੍ਰਗਟ ਕੀਤੀ 'ਮਾਯੂਸੀ' ਤੋਂ ਵੱਧ ਪ੍ਰੇਸ਼ਾਨ ਕਰਨ ਵਾਲਾ ਕੁਝ ਨਹੀਂ ਹੋ ਸਕਦਾ। ਉਨ੍ਹਾਂ ਨੂੰ ਅਫਸੋਸ ਇਸ ਗੱਲ ਦਾ ਹੈ ਕਿ ਸਰਕਾਰੀ ਅਧਿਕਾਰੀਆਂ 'ਤੇ ਵੱਖ-ਵੱਖ ਦੋਸ਼ਾਂ ਦੇ ਵਿਰੁੱਧ ਉਨ੍ਹਾਂ ਵੱਲੋਂ ਦਾਖ਼ਲ 21 ਰਿਪੋਰਟਾਂ 'ਚੋਂ ਇੱਕ ਉਤੇ ਵੀ ਗੋਆ ਸਰਕਾਰ ਨੇ ਕਦੇ ਕਾਰਵਾਈ ਨਹੀਂ ਕੀਤੀ। ਉਨ੍ਹਾਂ ਕਿਹਾ, 'ਕਿਉਂ ਸਰਕਾਰੀ ਧਨ ਨੂੰ ਕੁਝ ਵੀ ਨਾ ਕਰਨ 'ਤੇ ਵਿਅਰਥ ਕੀਤਾ ਜਾਵੇ? ਜੇ ਲੋਕਾਯੁਕਤ ਦੇ ਕਾਰਜਾਂ ਨੂੰ ਇੰਨੇ ਨਿਰਦਈਪੁਣੇ ਨਾਲ ਕੂੜੇ ਦੀ ਟੋਕਰੀ 'ਚ ਸੁੱਟਿਆ ਜਾਂਦਾ ਰਿਹਾ ਤਾਂ ਇਸ ਨਾਲੋਂ ਚੰਗਾ ਹੈ ਕਿ ਲੋਕਾਯੁਕਤ ਦੇ ਅਹੁਦੇ ਨੂੰ ਖਤਮ ਕਰ ਦਿੱਤਾ ਜਾਵੇ।''

ਮੈਂ ਜਸਟਿਸ ਮਿਸ਼ਰਾ ਦੀ ਪ੍ਰੇਸ਼ਾਨੀ ਨੂੰ ਸਮਝ ਸਕਦਾ ਹਾਂ। ਉਨ੍ਹਾਂ ਨੇ ਗੋਆ 'ਚ ਲੋਕਾਯੁਕਤ ਦੇ ਤੌਰ 'ਤੇ 18 ਮਾਰਚ 2016 ਤੋਂ 16 ਸਤੰਬਰ 2020 ਤੱਕ ਇਸ ਆਸ ਨਾਲ ਸੇਵਾਵਾਂ ਦਿੱਤੀਆਂ ਕਿ ਉਹ ਭ੍ਰਿਸ਼ਟਾਚਾਰ ਨਾਲ ਲੜਨ ਅਤੇ ਪ੍ਰਸ਼ਾਸਨ ਦੀ ਸਾਫ-ਸੁਥਰੀ ਵਿਵਸਥਾ ਸਥਾਪਤ ਕਰਨ 'ਚ ਮਹੱਤਵਪੂਰਨ ਭੂਮਿਕਾ ਨਿਭਾਉਣਗੇ। ਇਸ ਨਾਲ ਲੋਕਾਂ ਨੂੰ ਇਹ ਆਸਾਂ ਕਿ ਪਾਰਲੀਮੈਂ ਟ ਵੱਲੋਂ ਅਪਣਾਏ ਗਏ ਲੋਕਪਾਲ ਅਤੇ ਲੋਕਾਯੁਕਤ ਕਾਨੂੰਨ ਫੈਸਲਾਕੁੰਨ ਸਾਬਿਤ ਹੋਣਗੇ, ਜਸਟਿਸ ਮਿਸ਼ਰਾ ਦੇ ਤਜਰਬੇ ਨੂੰ ਦੇਖਦਿਆਂ ਖਿੱਲਰਦੀਆਂ ਦਿਖਾਈ ਦਿੰਦੀਆਂ ਹਨ। ਜਸਟਿਸ ਮਿਸ਼ਰਾ ਤੋਂ ਇਹ ਜਾਣਨਾ ਸਿੱਖਿਆ ਦਾਇਕ ਹੋਵੇਗਾ ਕਿ ਚੀਜ਼ਾਂ ਕਿੱਥੇ ਗਲਤ ਹੋਈਆਂ। ਸਭ ਤੋਂ ਪਹਿਲਾਂ ਆਪਣੀ ਮੌਜੂਦਾ ਅਵਸਥਾ 'ਚ ਗੋਆ ਦਾ ਲੋਕਾਯੁਕਤ ਕਾਨੂੰਨ 'ਦੰਦਹੀਣ' ਹੈ। ਜਸਟਿਸ ਮਿਸ਼ਰਾ ਕਹਿੰਦੇ ਹਨ ਕਿ ਇਸ ਕੋਲ ਕਰਨਾਟਕ ਅਤੇ ਕੇਰਲ ਦੇ ਕਾਨੂੰਨਾਂ ਵਾਂਗ ਮੁਕੱਦਮਾ ਚਲਾਉਣ ਦੀਆਂ ਸ਼ਕਤੀਆਂ ਨਹੀਂ ਹਨ ਅਤੇ ਨਾ ਹੀ ਲੋਕਾਯੁਕਤ ਦੇ ਹੁਕਮਾਂ 'ਤੇ ਮਾਣਹਾਨੀ ਦੀ ਵਿਵਸਥਾ ਹੈ।

ਉਦਾਹਰਣ ਲਈ ਲੋਕਾਯੁਕਤ ਵੱਲੋਂ ਸਾਬਕਾ ਮੁੱਖ ਮੰਤਰੀ ਲਕਸ਼ਮੀਕਾਂਤ ਪਾਰਸੇਕਰ, ਸਾਬਕਾ ਮਾਈਨਿੰਗ ਸਕੱਤਰ ਪਵਨ ਕੁਮਾਰ ਸੈਨ ਅਤੇ ਮਾਈਨਿੰਗ ਅਤੇ ਭੂ-ਵਿਗਿਆਨ ਨਿਰਦੇਸ਼ਕ ਪ੍ਰਸੰਨ, ਆਚਾਰੀਆ ਦੇ ਵਿਰੁੱਧ ਸਪੱਸ਼ਟ ਰਿਪੋਰਟਾਂ, ਜਿਨ੍ਹਾਂ ਨੂੰ 'ਸੱਤਾ ਦੀ ਦੁਰਵਰਤੋਂ ਦਾ ਦੋਸ਼ੀ' ਪਾਇਆ ਗਿਆ ਸੀ, ਨੂੰ ਮੁੱਖ ਮੰਤਰੀ ਪ੍ਰਮੋਦ ਸਾਵੰਤ ਨੇ ਰੱਦ ਕਰ ਦਿੱਤਾ ਸੀ। ਕੀ ਮੈਂ ਪੁੱਛ ਸਕਦਾ ਹਾਂ ਕਿ ਕਿਉਂ? ਇਸ ਸੰਬੰਧ 'ਚ ਅਧਿਕਾਰਤ ਤੌਰ 'ਤੇ ਕੋਈ ਵੀ ਤਰਕ ਪੂਰਨ ਸਪੱਸ਼ਟੀਕਰਨ ਨਹੀਂ ਦਿੱਤਾ ਗਿਆ। ਜਸਟਿਸ ਮਿਸ਼ਰਾ ਨੂੰ ਇਸ ਦਾ ਗਿਲਾ ਹੈ ਕਿ 'ਉਹ (ਚੋਟੀ ਦੇ ਕਾਰਜ ਅਧਿਕਾਰੀ) ਕਾਨੂੰਨ ਪੜ੍ਹੇ ਬਿਨਾਂ ਰਾਏ ਦਿੰਦੇ ਹਨ।' ਆਪਣੇ ਤੌਰ 'ਤੇ ਉਨ੍ਹਾਂ ਨੇ ਇਨ੍ਹਾਂ ਰਿਪੋਰਟਾਂ ਦੀਆਂ ਪ੍ਰਾਸੰਗਿਕ ਕਾਨੂੰਨੀ ਧਾਰਾਵਾਂ ਦਾ ਵਰਣਨ ਅਧਿਕਾਰੀਆਂ ਦੇ ਤਿਆਰ ਸੰਦਰਭ ਲਈ ਕੀਤਾ ਹੈ, ਫਿਰ ਵੀ ਸੰਬੰਧਤ ਵਿਅਕਤੀਆਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ।

ਜਸਟਿਸ ਮਿਸ਼ਰਾ ਨੇ ਆਮਦਨ ਤੋਂ ਵੱਧ ਜਾਇਦਾਦ ਦੇ ਕੇਸ 'ਚ ਵਿਧਾਇਕ ਪਾਂਡਰੰਗ ਮਧਕੈਕਰ ਵਿਰੁੱਧ ਏ ਸੀ ਬੀ ਜਾਂਚ ਦਾ ਸੁਝਾਅ ਦਿੱਤਾ ਸੀ। 'ਬਹੁਤ ਸਾਰੇ ਮਾਮਲਿਆਂ 'ਚ ਪੁਲਸ ਨੇ ਐਫ ਆਈ ਆਰ ਦਰਜ ਨਹੀਂ ਕੀਤੀ, ਜੋ ਸੈਕਸ਼ਨ 154 ਸੀ ਆਰ ਪੀ ਸੀ ਅਧੀਨ ਲੋੜੀਂਦੀ ਹੈ।'' ਇੱਕ ਮਾਮਲੇ 'ਚ ਉਹ ਇਸ ਸਿੱਟੇ 'ਤੇ ਪਹੁੰਚੇ ਕਿ ਇੱਕ ਕੈਬਨਿਟ ਮੰਤਰੀ ਆਪਣੇ ਅਹੁਦੇ ਦੇ ਯੋਗ ਨਹੀਂ ਸੀ। ਜਸਟਿਸ ਮਿਸ਼ਰਾ ਨੇ ਮਰਹੂਮ ਮਨੋਹਰ ਪਾਰੀਕਰ ਨੂੰ ਵੀ 'ਮਧਕੈਕਰ' ਦੀ ਜਾਇਦਾਦ ਦੀ ਜਾਂਚ ਵਿੱਚੋਂ 'ਆਪਣੀ ਜ਼ਿੰਮੇਵਾਰੀ ਤੋਂ ਬਚਣ' ਲਈ ਨਹੀਂ ਬਖਸ਼ਿਆ ਸੀ ਕਿਉਂਕਿ 'ਉਹ ਇੱਕ ਮੰਤਰੀ ਅਤੇ ਸੱਤਾਧਾਰੀ ਪਾਰਟੀ ਨਾਲ ਸੰਬੰਧਤ ਵਿਧਾਇਕ ਦੇ ਤੌਰ 'ਤੇ ਸੇਵਾਵਾਂ ਦੇ ਰਹੇ ਸਨ।'

ਇਹ ਮੈਨੂੰ ਇੱਕ ਰਾਜੇ ਦੀ ਪ੍ਰਸਿੱਧ ਕਹਾਣੀ ਦੀ ਯਾਦ ਦਿਵਾਉਂਦਾ ਹੈ, ਜਿਸ ਨੂੰ ਵਿਆਪਕ, ਭ੍ਰਿਸ਼ਟ ਕਾਰਵਾਈਆਂ ਲਈ ਰਾਜ ਮਹੱਲ 'ਚ ਬਗਾਵਤ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ 'ਚ ਉਸ ਦਾ ਸਾਲਾ ਸ਼ਾਮਲ ਸੀ। ਆਲੋਚਨਾਵਾਂ 'ਚ ਘਿਰਨ ਦੇ ਬਾਅਦ ਰਾਜੇ ਨੇ ਉਸ ਨੂੰ ਸਮੁੰਦਰ ਦੇ ਕੰਢੇ ਭੇਜ ਦਿੱਤਾ ਅਤੇ ਲਹਿਰਾਂ ਨੂੰ ਗਿਣਨ ਦਾ ਔਖਾ ਕੰਮ ਸੌਂਪ ਦਿੱਤਾ। ਧਨ ਬਣਾਉਣ 'ਚ ਮਾਹਿਰ ਉਸ ਦੇ ਸਾਲੇ ਨੇ ਇਸ ਦਲੀਲ ਦੇ ਨਾਲ ਉਥੋਂ ਲੰਘਣ ਵਾਲੇ ਜਹਾਜ਼ਾਂ ਨੂੰ ਰੋਕਣਾ ਸ਼ੁਰੂ ਕਰ ਦਿੱਤਾ ਕਿ ਉਹ ਲਹਿਰਾਂ ਨੂੰ ਗਿਣਨ ਦੇ ਉਸ ਦੇ ਸ਼ਾਹੀ ਫਰਜ਼ 'ਚ ਦਖਲ ਦੇ ਰਹੇ ਹਨ। ਜਹਾਜ਼ਾਂ ਦੇ ਮਾਲਕਾਂ ਨੂੰ ਸੰਕੇਤ ਮਿਲ ਗਿਆ ਅਤੇ ਉਨ੍ਹਾਂ ਨੇ ਉਸ ਨੂੰ ਰਿਸ਼ਵਤ ਦੇਣੀ ਸ਼ੁਰੂ ਕਰ ਦਿੱਤੀ। ਰਾਜੇ ਦੇ ਆਦਤ ਵਜੋਂ ਭ੍ਰਿਸਟ ਸਾਲੇ ਨੇ ਸਜ਼ਾ ਨਾਲ ਵੀ ਅਥਾਹ ਜਾਇਦਾਦ ਬਣਾ ਲਈ। ਅੱਜ ਸੱਤਾ ਦੇ ਅੰਦਰ ਅਤੇ ਬਾਹਰ ਬੈਠੇ 'ਸਾਲਿਆਂ ਨੇ' ਭਾਰਤ ਦੇ ਭ੍ਰਿਸ਼ਟਾਚਾਰ ਦੇ ਉਚ ਮਾਰਗ ਤੇ ਆਮ ਆਦਮੀ ਨੂੰ ਵਾਂਝੇ ਰੱਖਦੇ ਹੋਏ ਧਨ ਬਣਾਉਣ ਦੀ ਤਕਨੀਕ 'ਚ ਮੁਹਾਰਤ ਹਾਸਲ ਕਰ ਲਈ ਹੈ। ਇਥੋਂ ਅਸੀਂ ਕਿੱਥੇ ਜਾਈਏ? ਸੂਬਾ ਪੱਧਰਾਂ 'ਤੇ ਲੋਕਾਯੁਕਤਾਂ ਦੀ ਮੌਜੂਦਾ ਸਥਿਤੀ ਇੱਕੋ-ਜਿਹੀ ਨਹੀਂ ਹੈ।

17 ਸੂਬਿਆਂ ਨੂੰ ਲੋਕਾਯੁਕਤ ਦਿੱਤੇ ਗਏ ਹਨ। ਆਂਧਰਾ ਪ੍ਰਦੇਸ਼, ਕਰਨਾਟਕ ਅਤੇ ਮਹਾਰਾਸ਼ਟਰ 'ਚ ਪਾਸ ਕਾਨੂੰਨ ਕੁਝ ਹੱਦ ਤੱਕ ਪ੍ਰਭਾਵਸ਼ਾਲੀ ਦੱਸੇ ਜਾਂਦੇ ਹਨ। ਫਿਰ ਵੀ ਜ਼ਿਲਿਆਂ, ਨਗਰ ਪਾਲਿਕਾਵਾਂ ਅਤੇ ਮੰਡਲ ਪੱਧਰਾਂ 'ਤੇ ਭ੍ਰਿਸ਼ਟਾਚਾਰ ਪਸਰਿਆ ਹੋਇਆ ਹੈ। ਕੁਝ ਦਫ਼ਤਰਾਂ 'ਚ ਤਾਂ ਸਰਵਿਸ ਰਜਿਸਟਰ ਅਤੇ ਹੋਰ ਰਿਕਾਰਡਜ਼ ਬਣਾ ਕੇ ਨਹੀਂ ਰੱਖੇ ਜਾਂਦੇ। ਇਸ ਦੇ ਨਾਲ ਮਾਲੀਆ ਉਗਰਾਹੁਣ ਵਾਲੀਆਂ ਏਜੰਸੀਆਂ ਸਭ ਤੋਂ ਵੱਧ ਭ੍ਰਿਸ਼ਟ ਦੱਸੀਆਂ ਜਾਂਦੀਆਂ ਹਨ। ਇਹ ਕੋਈ ਰਹੱਸ ਨਹੀਂ ਕਿ ਨਿਹਿਤ ਸਵਾਰਥਾਂ ਲਈ ਕਾਨੂੰਨ ਦੀਆਂ ਧਾਰਾਵਾਂ ਦੀ ਉਲੰਘਣਾ ਅਤੇ ਉਨ੍ਹਾਂ 'ਚ ਹੇਰ-ਫੇਰ ਕੀਤੀ ਜਾਂਦੀ ਹੈ। ਭਾਰਤੀ ਚਰਿੱਤਰ ਦਾ ਇਹ ਸੰਕਟ ਅਸਲੀ ਹੈ। ਭ੍ਰਿਸ਼ਟਾਚਾਰ ਭਾਰਤ ਨੂੰ ਨਿਗਲ ਰਿਹਾ ਹੈ। ਸਾਰੀਆਂ ਸੰਸਥਾਵਾਂ ਅਤੇ ਏਜੰਸੀਆਂ ਭ੍ਰਿਸ਼ਟਾਚਾਰ ਨੂੰ ਫੈਲਣ ਤੋਂ ਰੋਕਣ 'ਚ ਅਸਫਲ ਰਹੀਆਂ ਹਨ। ਇਹ ਸਿਸਟਮ ਦੀ ਪੂਰੀ ਅਸਫਲਤਾ ਹੈ।

ਕਾਨੂੰਨਾਂ ਅਤੇ ਸੰਸਥਾਵਾਂ 'ਚ ਸੁਧਾਰ ਕੀਤਾ ਜਾ ਸਕਦਾ ਹੈ ਪਰ ਉਨ੍ਹਾਂ ਨੂੰ ਪ੍ਰਭਾਵ ਪੂਰਵਕ, ਹੁਨਰ ਅਨੁਸਾਰ ਅਤੇ ਪਾਰਦਰਸ਼ਿਤਾ ਅਤੇ ਜਵਾਬਦੇਹੀ ਨਾਲ ਕੰਮ ਕਰਨਾ ਹੋਵੇਗਾ, ਵਰਨਾ ਲੋਕਪਾਲ ਅਤੇ ਲੋਕਯੁਕਤਾਂ ਵੱਲੋਂ ਭ੍ਰਿਸ਼ਟਾਚਾਰ ਵਿਰੁੱਧ ਲੜਨ ਦੀ ਪੂਰੀ ਕਾਰਵਾਈ ਬਿਨਾਂ ਕਿਸੇ ਨਤੀਜੇ ਦੇ ਅਸਫਲ ਹੋ ਜਾਵੇਗੀ।

ਇੱਕ ਭ੍ਰਿਸ਼ਟਾਚਾਰ ਮੁਕਤ ਪ੍ਰਣਾਲੀ ਲਈ ਇੱਕ ਮੌਲਿਕ ਚੋਣ ਪ੍ਰਣਾਲੀ, ਪ੍ਰਸ਼ਾਸਨਿਕ, ਆਰਥਿਕ ਅਤੇ ਵਿੱਤੀ ਸੁਧਾਰਾਂ ਦੀ ਲੋੜ ਹੈ। ਇਸ ਤੋਂ ਇਲਾਵਾ ਜਨਤਕ ਅਤੇ ਨਿੱਜੀ ਜ਼ਿੰਦਗੀ ਨਾਲ ਜੁੜੇ ਲੋਕਾਂ ਦੇ ਵਤੀਰੇ 'ਚ ਵੀ ਤਬਦੀਲ ਜ਼ਰੂਰੀ ਹੈ। ਇਸ ਨੂੰ ਦੇਖਦੇ ਹੋਏ ਹਾਲਤਾਂ ਨਿਰਾਸ਼ਾ ਜਨਕ ਦਿਖਾਈ ਦਿੰਦੀਆਂ ਹਨ ਪਰ ਮੈਂ ਮਹਿਸੂਸ ਕਰਦਾ ਹਾਂ ਕਿ ਅਜੇ ਅਸੀਂ ਸਭ ਕੁਝ ਗੁਆਇਆ ਨਹੀਂ ਹੈ। ਦੇਸ਼ ਅਜੇ ਵੀ ਜੀਵੰਤ ਅਤੇ ਜਨਤਾ ਜਾਗਰੂਕ ਹੈ, ਜਿਸ ਚੀਜ਼ ਦੀ ਲੋੜ ਹੈ, ਉਹ ਹੈ ਸੂਚਨਾ ਦੇ ਮੁਕਤ ਪ੍ਰਵਾਹ ਦੇ ਮਾਧਿਅਮ ਰਾਹੀਂ ਜਨਤਾ ਵੱਲੋਂ ਦਬਾਅ ਬਣਾਉਣਾ।

ਸੂਚਨਾ ਦੇ ਅਧਿਕਾਰ ਅਤੇ ਵਰਤੋਂ ਵੱਡੇ ਪੱਧਰ 'ਤੇ ਹੋਣੀ ਚਾਹੀਦੀ ਹੈ। ਖੁਫੀਅਤਾ ਦੀ ਮੌਜੂਦਾ ਸਥਿਤੀ ਸਮਾਪਤ ਹੋਣੀ ਚਾਹੀਦੀ ਹੈ। ਖੁਫੀਅਤਾ ਲੋਕਤੰਤਰ ਦੀ ਵਿਰੋਧੀ ਹੈ।

# ਜਬ ਸਈਆਂ ਭਏ ਕੋਤਵਾਲ

-ਲਕਸ਼ਮੀਕਾਂਤਾ ਚਾਵਲਾ

ਇੱਕ ਵਾਰ ਫਿਰ ਹਿੰਦੁਸਤਾਨ ਦੇ ਆਮ ਨਾਗਰਿਕ ਵੱਲੋਂ ਸਵਾਲ ਕੀਤਾ ਜਾ ਰਿਹਾ ਹੈ। ਇਹ ਪ੍ਰਸਨ ਉਹ ਨਾਗਰਿਕ ਕਰ ਰਹੇ ਹਨ, ਜੋ ਅਕਸਰ ਇਹੀ ਸੁਣਦੇ ਹਨ ਕਿ ਉਹ ਕਾਨੂੰਨ ਦੇ ਸਾਹਮਣੇ ਬਰਾਬਰ ਹਨ, ਕਿਉਂਕਿ ਸਾਡੇ ਸੰਵਿਧਾਨ ਨੇ ਬਰਾਬਰੀ ਦਾ ਅਧਿਕਾਰ ਸਭ ਨੂੰ ਦਿੱਤਾ ਹੈ, ਪਰ ਇਹ ਭਰਮ ਉਸੇ ਵਕਤ ਟੁੱਟ ਜਾਂਦਾ ਹੈ ਜਦ ਜਾਣਕਾਰੀ ਇਹ ਮਿਲਦੀ ਹੈ ਕਿ ਦੇਸ਼ ਦੇ ਕਾਨੂੰਨ ਬਣਾਉਣ ਵਾਲੇ ਵਿਧਾਇਕਾਂ ਤੇ ਪਾਰਲੀਮੈਂਟ ਮੈਂਬਰਾਂ 'ਤੇ ਕੀ ਉਹ ਕਾਨੂੰਨ ਲਾਗੂ ਨਹੀਂ ਹੁੰਦੇ, ਜੋ ਉਨ੍ਹਾਂ ਨੇ 135 ਕਰੋੜ ਦੇਸ਼ ਵਾਸੀਆਂ ਦੇ ਲਈ ਬਣਾਏ ਹਨ? ਭਗਵਾਨ ਸ੍ਰੀ ਕ੍ਰਿਸ਼ਨ ਕਹਿੰਦੇ ਸਨ ਕਿ ਇਸ ਯੁੱਗ ਦੇ ਸ੍ਰੇਸ਼ਠ ਲੋਕ ਜਿਸ ਮਾਰਗ 'ਤੇ ਚੱਲਦੇ ਹਨ, ਆਮ ਲੋਕ ਉਸ ਤੋਂ ਪ੍ਰੇਰਤ ਹੋ ਕੇ ਉਸੇ ਰਾਹ 'ਤੇ ਚੱਲਦੇ ਹਨ। ਲੋਕ ਨੁਮਾਇੰਦੇ ਜਨਤਾ ਦੀਆਂ ਵੋਟਾਂ ਨਾਲ ਚੁਣੇ ਜਾਂਦੇ ਹਨ। ਅਜਿਹੇ ਵਿਅਕਤੀ ਜੇ ਕੋਈ ਅਪਰਾਧ ਕਰ ਦੇਣ ਤਾਂ ਅਦਾਲਤਾਂ ਵੱਲੋਂ ਅਪਰਾਧੀ ਐਲਾਨੇ ਹੋਣ ਦੇ ਸਿਵਾਏ ਉਹ ਕਿਸੇ ਵੀ ਉੱਚ ਅਹੁਦੇ 'ਤੇ ਪੁੱਜ ਸਕਦੇ ਹਨ। ਅਜਿਹੇ ਵਿੱਚ ਵੋਟਰ ਇਹੀ ਸੋਚਦਾ ਹੈ ਕਿ ਜੇ ਨੇਤਾ ਜੀ ਸਭ ਕੁਝ ਕਰ ਕਰਾ ਕੇ ਇੰਨੇ ਵੱਡੇ ਅਹੁਦੇ 'ਤੇ ਪੁੱਜ ਸਕਦੇ ਹਨ ਤਾਂ ਉਨ੍ਹਾਂ ਵਰਗੇ ਕਾਰਨਾਮੇ ਮੈਂ ਕਿਉਂ ਨਾ ਕਰਾਂ।

ਆਖਰ ਭਾਰਤ ਦੇ ਸੁਪਰੀਮ ਕੋਰਟ ਨੂੰ ਬੜੀ ਹੈਰਾਨੀ ਨਾਲ ਕਹਿਣਾ ਪਿਆ ਕਿ ਪੰਜਾਬ ਵਿੱਚ ਇੱਕ ਸਿਆਸੀ ਨੇਤਾ 'ਤੇ 36 ਸਾਲ ਪਹਿਲਾਂ ਹੱਤਿਆ ਦਾ ਦੋਸ਼ ਲੱਗਾ ਸੀ। ਅੱਜ ਤੱਕ ਉਸ ਨੂੰ ਸਜ਼ਾ ਨਹੀਂ ਮਿਲੀ। ਕੇਸ ਕਿੱਦਾਂ ਖਤਮ ਕਰ ਦਿੱਤਾ ਗਿਆ? ਆਮ ਆਦਮੀ ਜੇ ਅਪਰਾਧ ਕਰਦਾ ਹੈ ਤਾਂ ਉਹ ਜੇਲ੍ਹ ਵਿੱਚ ਪਿਆ-ਪਿਆ ਸੜ ਰਿਹਾ ਹੁੰਦਾ ਹੈ, ਪਰ ਰਾਜਨੀਤੀ ਦੇ ਜਹਾਜ਼ ਵਿੱਚ ਚੜ੍ਹ ਕੇ ਅਪਰਾਧੀ ਨਾ ਸਿਰਫ ਵਿਧਾਨਕਾਰ ਅਤੇ ਐੱਮ ਪੀ ਬਣ ਗਏ, ਸਗੋਂ ਉਚ ਅਹੁਦੇ ਹਾਸਲ ਕਰ ਲਏ। ਸੁਪਰੀਮ ਕੋਰਟ ਨੇ ਪੰਜਾਬ ਵਿੱਚ ਇੱਕ ਨੇਤਾ ਵਿਰੁੱਧ 1983 ਵਿੱਚ ਜਦ ਅਪਰਾਧਕ ਕੇਸ ਵਿੱਚ 36 ਸਾਲ ਬਾਅਦ ਹੇਠਲੀ ਅਦਾਲਤ ਵੱਲੋਂ ਦੋਸ਼ ਆਇਦ ਕੀਤੇ ਜਾਣ 'ਤੇ ਹੈਰਾਨੀ ਪ੍ਰਗਟਾਉਂਦਿਆਂ ਪਿੱਛੇ ਜਿਹੇ ਇਹ ਕਿਹਾ ਕਿ ਇਸਤਗਾਸਾ ਦਾ ਇਹ ਕਰਤੱਵ ਹੈ ਕਿ ਮੁਕੱਦਮੇ ਦੀ ਸੁਣਵਾਈ ਤੇਜ਼ੀ ਨਾਲ ਹੋਵੇ। ਵੈਸੇ ਜੱਜ ਸਾਹਿਬ ਦੁਖੀ ਤੇ ਹੈਰਾਨ ਸਨ ਕਿ ਆਪਣੇ ਦੇਸ਼ ਵਿੱਚ ਅਜਿਹਾ ਵੀ ਹੋ ਸਕਦਾ ਹੈ ਕਿ ਇੱਕ ਵਿਅਕਤੀ ਅਪਰਾਧ ਕਰੇ ਅਤੇ ਮੁਲਜ਼ਮ ਦੇ ਤੌਰ 'ਤੇ ਚੋਣ ਲੜ ਕੇ ਵਿਧਾਨ ਸਭਾ ਵਿੱਚ ਪੁੱਜ ਜਾਵੇ, ਕਾਨੂੰਨ ਬਣਾਵੇ ਅਤੇ ਰਾਜਨੀਤਕ ਬੈਠਕਾਂ ਦੀ ਅਗਵਾਈ ਕਰੇ।

ਜੋ ਜਾਣਕਾਰੀ ਕੋਰਟ ਦੇ ਸਾਹਮਣੇ ਨਿਆਂ ਮਿੱਤਰ ਨੇ ਰੱਖੀ ਕਿ 4442 ਮਾਮਲਿਆਂ ਵਿੱਚ ਨੇਤਾਵਾਂ ਵਿਰੁੱਧ ਕੇਸ ਚੱਲ ਰਹੇ ਹਨ, ਇਨ੍ਹਾਂ ਵਿੱਚੋਂ 2556 ਮੁਲਜ਼ਮ ਵਰਤਮਾਨ ਪਾਰਲੀਮੈਂਟ ਮੈਂਬਰ ਤੇ ਵਿਧਾਇਕ ਹਨ। ਜਸਟਿਸ ਐੱਨ ਵੀ ਰਮਨਾ, ਜਸਟਿਸ ਸੂਰੀਆਕਾਂਤ ਅਤੇ ਜਸਟਿਸ ਰਿਸ਼ੀਕੇਸ਼ ਰਾਏ ਦੀ ਬੈਂਚ ਨੇ ਆਪਣੇ ਹੁਕਮ ਵਿੱਚ ਕਿਹਾ ਕਿ ਹਰ ਹਾਈ ਕੋਰਟ ਨੂੰ ਬਹੁਤ ਜਲਦ ਅਰਥਾਤ ਸਤੰਬਰ ਦੇ ਦੂਜੇ ਹਫਤੇ ਵਿੱਚ ਨੇਤਾਵਾਂ ਵਿਰੁੱਧ ਪੈਂਡਿੰਗ ਇਨ੍ਹਾਂ ਕੇਸਾਂ ਦਾ ਵੇਰਵਾ ਈਮੇਲ ਜ਼ਰੀਏ ਦੇਣਾ ਹੋਵੇਗਾ, ਜੋ ਭ੍ਰਿਸ਼ਟਾਚਾਰ ਰੋਕੂ ਕਾਨੂੰਨ, ਮਨੀ ਲਾਂਡਰਿੰਗ ਅਤੇ ਕਾਲਾ ਧਨ ਕਾਨੂੰਨ ਵਰਗੇ ਵਿਸ਼ੇਸ਼ ਕਾਨੂੰਨ ਹੇਠ ਚੱਲ ਰਹੇ ਹਨ। ਆਮ ਜਨਤਾ ਇਹ ਪੁੱਛਣਾ ਚਾਹੁੰਦੀ ਹੈ ਕਿ ਜੇ ਅੱਜ ਦੀ ਤਰੀਕ ਵਿੱਚ 2556 ਸਾਡੇ ਨੁਮਾਇੰਦੇ ਦਾਗੀ ਹਨ ਤਾਂ ਕੀ ਇਨ੍ਹਾਂ ਪੰਜ ਸਾਲਾਂ ਦੇ ਕਾਰਜਕਾਲ ਵਿੱਚ ਹੀ ਉਹ ਇੰਨੇ ਤਾਕਤਵਰ ਨਹੀਂ ਹੋ ਜਾਣਗੇ ਕਿ ਉਨ੍ਹਾਂ ਵਿਰੁੱਧ ਕੋਈ ਗਵਾਹੀ ਦੇਣ ਲਈ ਅਦਾਲਤ ਵਿੱਚ ਆਉਣ ਤੋਂ ਪਹਿਲਾਂ ਸੌ ਵਾਰ ਸੋਚੇਗਾ। ਸਵਾਲ ਇਹ ਵੀ ਹੈ ਕਿ ਆਪਣੇ ਪਰਵਾਰ ਦੇ ਪਾਲਣ-ਪੋਸ਼ਣ ਤੇ ਰੋਜ਼ੀ ਰੋਟੀ ਦੀ ਚਿੰਤਾ ਕਰੇਗਾ ਜਾਂ ਦਾਗੀ ਲੋਕ ਨੁਮਾਇੰਦਿਆਂ ਵਿਰੁੱਧ ਗਵਾਹੀ ਦੇ ਕੇ ਜਾਨ ਖਤਰੇ ਵਿੱਚ ਪਾਵੇਗਾ? ਕੀ ਉਹ ਇੰਨੇ ਸਮਰੱਥ ਨਹੀਂ ਹੋ ਜਾਣਗੇ ਕਿ ਸਮੇਂ ਦੀਆਂ ਸਰਕਾਰਾਂ ਵੀ ਉਨ੍ਹਾਂ ਵਿਰੁੱਧ ਕਾਰਵਾਈ ਤੋਂ ਡਰਨਗੀਆਂ ਕਿਉਂਕਿ ਉਹ ਉਨ੍ਹਾਂ ਨੂੰ ਤੋੜਨ ਦੀ ਸਮਰੱਥ ਹੋਣਗੇ। ਉਹ ਮੋਟੀਆਂ ਫੀਸਾਂ ਦੇ ਕੇ ਦੇਸ਼ ਦੇ ਵੱਡੇ ਵੱਡੇ ਵਕੀਲਾਂ ਦੀਆਂ ਸੇਵਾਵਾਂ ਲੈ ਸਕਦੇ ਹਨ। ਕਿਸੇ ਪਿੰਡ ਜਾਂ ਸ਼ਹਿਰ ਵਿੱਚ ਅਜਿਹੇ ਇੱਕ-ਦੋ ਅਪਰਾਧੀ ਹੋਣ ਤਾਂ ਸਾਰੇ ਉਨ੍ਹਾਂ ਤੋਂ ਡਰਦੇ ਹਨ। ਸਾਡੇ ਪੇਂਡੂ ਇਲਾਕਿਆਂ ਵਿੱਚ ਤਾਂ ਇਨ੍ਹਾਂ ਦੀ ਦਹਿਸ਼ਤ ਹੋਰ ਵੱਧ ਹੁੰਦੀ ਹੈ। ਘਰਾਂ ਵਿੱਚ ਵੜ ਕੇ ਗੁੰਡੇ ਲੋਕਾਂ ਨੂੰ ਕੁੱਟਦੇ ਹਨ, ਹੱਤਿਆ ਕਰ ਦਿੰਦੇ ਹਨ ਜਾਂ ਲੁੱਟ ਕੇ ਚਲੇ ਜਾਂਦੇ ਹਨ। ਜਬਰ ਜਨਾਹ ਵਰਗੇ ਅਪਰਾਧਾਂ ਵਿੱਚ ਜੇ ਹੁਕਮਰਾਨ ਧਿਰ ਦੇ ਐੱਮ ਪੀ ਜਾਂ ਐੱਮ ਐੱਲ ਏ ਸ਼ਾਮਲ ਹੋਣ ਤਾਂ ਉਨ੍ਹਾਂ ਵਿਰੁੱਧ ਪਰਚਾ ਦਰਜ ਕਰਨ ਦੇ ਨਾਂਅ 'ਤੇ ਪੁਲਸ ਦੇ ਹੱਥ ਕੰਬਣ ਲੱਗਦੇ ਹਨ। ਸਿੱਧੀ ਗੱਲ ਇਹ ਹੈ ਕਿ ਪੁਲਸ ਜਦ ਤੱਕ ਪੁਲਸ ਨਹੀਂ ਬਣੇਗੀ, ਉਦੋਂ ਤੱਕ ਨਾ ਸਮਾਜ ਵਿੱਚ ਅਪਰਾਧ ਘਟੇਗਾ, ਨਾ ਪੀੜਤਾ ਦੀ ਰੱਖਿਆ ਹੋ ਸਕੇਗੀ ਤੇ ਨਾ ਉਨ੍ਹਾਂ ਨੂੰ ਨਿਆਂ ਮਿਲ ਸਕੇਗਾ। ਨਾ ਹੀ ਉਨ੍ਹਾਂ ਦੀ ਆਵਾਜ਼ ਸਰਕਾਰ ਤੱਕ ਪੁੱਜੇਗੀ।


ਚੀਫ ਵਿਜੀਲੈਂਸ ਕਮਿਸ਼ਨਰ ਨੇ ਆਪਣੇ ਅਧਿਕਾਰੀਆਂ ਨੂੰ ਹੁਕਮ ਦਿੱਤਾ ਹੈ ਕਿ ਭ੍ਰਿਸ਼ਟਾਚਾਰ ਦੇ ਮਾਮਲਿਆਂ ਦੀਆਂ ਫਾਈਲਾਂ ਲਟਕਾਈਆਂ ਨਹੀਂ ਜਾਣਗੀਆਂ। ਭਾਵੇਂ ਕਮਿਸ਼ਨ ਦੇ ਨਿਪਟਾਰੇ ਲਈ ਸਮਾਂ ਹੱਦ ਨਿਰਧਾਰਤ ਕਰਨ ਸਮੇਤ ਕਈ ਤਬਦੀਲੀਆਂ ਕਰਨ ਦਾ ਫੈਸਲਾ ਕੀਤਾ ਹੈ ਪਰ ਸਵਾਲ ਫਿਰ ਉਹੀ ਹੈ ਕਿ 'ਜਬ ਸਈਆਂ ਭਏ ਕੋਤਵਾਲ ਤੋ ਡਰ ਕਾਹੇ ਕਾ।' ਚੋਣ ਕਮਿਸ਼ਨ ਦੀ ਵੀ ਇਸ ਵਿੱਚ ਕਾਫੀ ਭੂਮਿਕਾ ਹੈ। ਉਸ ਨੇ ਭਾਵੇਂ ਕਿਹਾ ਸੀ ਕਿ ਜਿਸ ਉਮੀਦਵਾਰ ਵਿਰੁੱਧ ਜੋ ਵੀ ਦੋਸ਼ ਹਨ, ਚੋਣਾਂ ਤੋਂ ਪਹਿਲਾਂ ਉਨ੍ਹਾਂ ਦੀ ਜਾਣਕਾਰੀ ਜਨਤਕ ਕੀਤੀ ਜਾਣੀ ਚਾਹੀਦਾ ਹੈ ਤੇ ਮੀਡੀਆ ਰਾਹੀਂ ਇਹ ਜਨਤਾ ਤੱਕ ਪਹੁੰਚਾਈ ਜਾਵੇ। ਧਨ ਅਤੇ ਬਾਹੂਬਲ ਵਾਲੇ ਦਲ-ਬਦਲੂਆਂ ਤੋਂ ਵੀ ਸਾਫ-ਸੁਥਰੀ ਸਿਆਸਤ ਨੂੰ ਖਤਰਾ ਹੈ, ਪਰ ਆਪਣੀ ਪਾਰਟੀ ਦੀਆਂ ਘਿਸੀਆਂ ਪਿਟੀਆਂ ਗੱਲਾਂ ਕਰਨ ਵਾਲੇ ਇਹ ਕਹਿ ਦਿੰਦੇ ਹਨ ਕਿ ਜੋ ਜਿੱਤ ਸਕਦਾ ਹੈ, ਉਹੀ ਉਮੀਦਵਾਰ ਬਣਾਇਆ ਜਾ ਸਕਦਾ ਹੈ। ਅੱਜ ਦੋ ਸੁਧਾਰਾਂ ਦੀ ਸਖਤ ਜ਼ਰੂਰਤ ਹੈ।

ਪਹਿਲਾਂ ਪੁਲਸ ਤੰਤਰ ਨੂੰ ਸਿਆਸਤਦਾਨਾਂ ਖਾਸ ਤੌਰ 'ਤੇ ਹੁਕਮਰਾਨਾਂ ਦੇ ਹੱਥੋਂ ਮੁਕਤ ਕਰਾਇਆ ਜਾਵੇ। ਕਿਸੇ ਨੂੰ ਬੁਰਾ ਲੱਗਾ ਜਾਂ ਚੰਗਾ, ਮੈਂ ਕਹਿ ਰਹੀ ਹਾਂ ਕਿ ਕਿਸੇ ਸੂਬੇ ਦਾ ਡੀ ਜੀ ਪੀ ਆਪਣੀ ਮਰਜ਼ੀ ਨਾਲ ਥਾਣੇ ਦਾ ਮੁਨਸ਼ੀ ਵੀ ਨਹੀਂ ਲਾ ਸਕਦਾ, ਜਦ ਤੱਕ ਉਸ ਇਲਾਕੇ ਦਾ ਵਿਧਾਇਕ ਸਹਿਮਤ ਨਾ ਹੋਵੇ। ਸੱਚੀ ਗੱਲ ਤਾਂ ਇਹ ਹੈ ਕਿ ਜੋ ਕੁਝ ਵਿਧਾਇਕ ਜਾਂ ਐੱਮ ਪੀ ਚਾਹੁੰਦੇ ਹਨ, ਉਹੀ ਹੁੰਦਾ ਹੈ। ਆਖਰ ਕਿਉਂ ਇਹ ਹਾਲਾਤ ਹੋ ਗਏ ਕਿ ਹਰ ਥਾਣੇਦਾਰ ਨੂੰ ਇਲਾਕੇ ਦੇ ਵਿਧਾਇਕ ਅਤੇ ਕੌਂਸਲਰ ਨੂੰ ਸਲਾਮ ਕਰਨ ਲਈ ਉਨ੍ਹਾਂ ਦੇ ਘਰ ਜਾਣਾ ਪੈਂਦਾ ਹੈ। ਜੀ ਹਜ਼ੂਰੀ ਦਾ ਭਰੋਸਾ ਦਿਵਾਉਣਾ ਪੈਂਦਾ ਹੈ। ਪੁਲਸ ਦਾ ਅਲੱਗ ਕਮਿਸ਼ਨ ਬਣੇ। ਨਿਆਂ ਪਾਲਿਕਾ ਦੀ ਤਰ੍ਹਾਂ ਉਨ੍ਹਾਂ ਦੀ ਚੋਣ, ਬਦਲੀ ਤੇ ਪੋਸਟਿੰਗ ਉਸੇ ਪੁਲਸ ਕਮਿਸ਼ਨ ਦੁਆਰਾ ਕੀਤੀ ਜਾਵੇ। ਉਹ ਚੁਣੇ ਹੋਏ ਨੁਮਾਇੰਦਿਆਂ ਦਾ ਆਦਰ-ਸਤਿਕਰ ਤਾਂ ਕਰਨ, ਪਰ ਉਨ੍ਹਾਂ ਦੇ ਗੁਲਾਮ ਨਾ ਬਣਨ। ਇਸ ਦੇ ਨਾਲ ਹੀ ਦਲ-ਬਦਲੂਆਂ 'ਤੇ ਸਖਤ ਕੰਟਰੋਲ ਹੋਣਾ ਚਾਹੀਦਾ ਹੈ। ਜੋ ਵਿਅਕਤੀ ਇੱਕ ਪਾਰਟੀ ਛੱਡ ਕੇ ਦੂਜੀ ਪਾਰਟੀ ਵਿੱਚ ਜਾਂਦਾ ਹੈ, ਘੱਟੋ ਘੱਟ ਤਿੰਨ ਸਾਲ ਤੱਕ ਚੋਣ ਨਾ ਲੜ ਸਕੇ। ਸਿਆਸਤ ਵਿੱਚ ਸ਼ੁੱਧੀਕਰਨ ਬਹੁਤ ਜ਼ਰੂਰੀ ਹੈ। ਜਦ ਤੱਕ ਇਹ ਨਹੀਂ ਹੋਵੇਗਾ, ਅਪਰਾਧ ਵੀ ਹੋਣਗੇ, ਅਪਰਾਧੀ ਲੋਕਤੰਤਰ ਦੇ ਮੰਦਰਾਂ ਵਿੱਚ ਵੀ ਪੁੱਜਣਗੇ, ਕੇਸ ਲਟਕੇ ਵੀ ਰਹਿਣਗੇ ਅਤੇ ਜਨਤਾ ਠੱਗੀ ਜਿਹੀ ਮਹਿਸੂਸ ਕਰੇਗੀ ਅਤੇ ਸਭ ਕੁਝ ਲਾਚਾਰ ਹੋ ਕੇ ਦੇਖਦੀ ਰਹੇਗੀ।


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਨ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ

ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com | 647-739-4641
satsahibusa@gmail.com | 346-714-0224


# ਜ਼ਿੰਦਗੀ ਦੀ ਦੌੜ

-ਡਾਕਟਰ ਅਰਵਿੰਦਰ ਸਿੰਘ ਨਾਗਪਾਲ



ਅੱਜਕੱਲ੍ਹ ਦੇ ਪਦਾਰਥਵਾਦੀ ਯੁੱਗ ਵਿੱਚ ਜਦੋਂ ਅਸੀਂ ਆਪਣੇ ਸੁਆਰਥੀ ਹਿੱਤਾਂ ਲਈ ਦਿਨ ਰਾਤ ਇੱਕ ਦੌੜ ਵਿੱਚ ਲੱਗੇ ਹੋਏ ਹਾਂ ਤਾਂ ਉਹ ਜ਼ਮਾਨਾ ਬਹੁਤ ਯਾਦ ਆਉਂਦਾ ਹੈ ਜਦੋਂ ਲੋਕ ਬਿਨਾਂ ਕਿਸੇ ਸਵਾਰਥ ਦੇ ਇੱਕ ਦੂਸਰੇ ਦਾ ਫਿਕਰ ਕਰਦੇ ਸਨ ਅਤੇ ਮਿਲਜੁਲ ਕੇ ਸਾਂਝੇ ਰਾਹ 'ਤੇ ਚੱਲਦੇ ਹੁੰਦੇ ਸਨ।

ਮੈਨੂੰ ਅੱਜ ਤੋਂ ਕੁਝ ਦਹਾਕੇ ਪਹਿਲਾਂ ਦਾ ਆਪਣੇ ਬਚਪਨ ਦਾ ਸਮਾਂ ਅੱਜ ਤੱਕ ਯਾਦ ਹੈ, ਜੋ ਮੈਂ ਜ਼ਿਲਾ ਹੁਸ਼ਿਆਰਪੁਰ ਦੇ ਛੋਟੇ ਜਿਹੇ ਪਿੰਡ ਬੋਦਲ ਗਰਨਾ ਸਾਹਿਬ ਵਿੱਚ ਗੁਜ਼ਾਰਿਆ ਸੀ। ਉਸ ਪਿੰਡ ਦੇ ਬਾਗ਼ਾਂ ਤੋਂ ਤੋੜੇ ਹੋਏ ਅੰਬਾਂ ਦੀ ਮਿਠਾਸ ਤੇ ਪਿੰਡ ਵਿੱਚ ਲੱਗੇ ਗੰਨੇ ਤੇ ਉਸ ਤੋਂ ਬਣਾਏ ਤਾਜ਼ੇ ਗੁੜ ਦੇ ਸਵਾਦ ਦੀ ਯਾਦ ਅੱਜ ਵੀ ਮੂੰਹ ਵਿੱਚ ਪਾਣੀ ਲਿਆ ਦਿੰਦੀ ਹੈ। ਮੇਰੇ ਮਾਤਾ ਜੀ 1958 ਵਿੱਚ ਬੋਦਲਾਂ ਦੇ ਸਰਕਾਰੀ ਸਕੂਲ ਵਿੱਚ ਅਧਿਆਪਕ ਸਨ। ਸਾਡਾ ਪਰਵਾਰ ਉਸ ਪਿੰਡ ਲਗਾਤਾਰ ਪੰਜ ਸਾਲ ਰਿਹਾ। ਉਹ ਇਲਾਕਾ ਅੰਬਾਂ ਦੇ ਬਾਗ਼ ਅਤੇ ਗੰਨੇ ਦੀ ਫਸਲ ਲਈ ਮਸ਼ਹੂਰ ਸੀ। ਪਿੰਡ ਦਾ ਇਹ ਰਿਵਾਜ ਸੀ ਕਿ ਬਾਗ਼ ਵਿੱਚੋਂ ਆਈ ਅੰਬਾਂ ਦੀ ਪਹਿਲੀ ਟੋਕਰੀ ਸਕੂਲ ਦੇ ਅਧਿਆਪਕ ਤੇ ਪਿੰਡ ਵਾਸੀਆਂ ਨਾਲ ਵੰਡ ਕੇ ਸਾਂਝੀ ਕੀਤੀ ਜਾਂਦੀ ਸੀ। ਇਸੇ ਤਰ੍ਹਾਂ ਤਾਜ਼ੇ ਗੁੜ ਦੀ ਪਹਿਲੀ ਖੇਪ ਵੀ ਸਾਰਿਆਂ ਵਿੱਚ ਵੰਡ ਕੇ ਖੁਸ਼ੀ ਮਨਾਈ ਜਾਂਦੀ ਸੀ।

ਅੱਜ ਵੀ ਮੇਰੀਆਂ ਅੱਖਾਂ ਸਾਹਮਣੇ ਉਹ ਨਜ਼ਾਰਾ ਤਾਜ਼ਾ ਹੋ ਜਾਂਦਾ ਹੈ, ਜਦੋਂ ਅੰਬਾਂ ਦੀ ਟੋਕਰੀ ਸਾਡੇ ਘਰ ਪਹੁੰਚਦੀ ਸੀ। ਮੇਰੇ ਮਾਤਾ ਜੀ ਅੰਬਾਂ ਨੂੰ ਠੰਢੇ ਪਾਣੀ ਵਾਲੀ ਬਾਲਟੀ ਵਿੱਚ ਪਾ ਦਿੰਦੇ ਸਨ। ਫਿਰ ਸਾਰੇ ਬੱਚਿਆਂ ਦੇ ਕੱਪੜੇ ਉਤਾਰ ਕੇ ਬਾਲਟੀ ਉਨ੍ਹਾਂ ਦੇ ਵਿਚਕਾਰ ਰੱਖ ਦਿੱਤੀ ਜਾਂਦੀ। ਅਸੀਂ ਬਾਲਟੀ ਵਿੱਚੋਂ ਇੱਕ ਇੱਕ ਕਰ ਕੇ ਅੰਬ ਕੱਢ ਕੇ ਉਸ ਨੂੰ ਚੂਪ ਕੇ ਉਸ ਦੇ ਰਸ ਦਾ ਸੁਆਦ ਲੈਂਦੇ ਸੀ ਤੇ ਗੁਟੀਆਂ ਅਤੇ ਛਿੱਲੜ ਇੱਕ ਪਾਸੇ ਸੁੱਟ ਦਿੰਦੇ ਸੀ। ਦਿਨ ਖਤਮ ਹੋਣ ਤੱਕ ਅੰਬ ਦਾ ਰਸ ਸਾਡੇ ਪਿੰਡੇ ਅਤੇ ਚਿਹਰੇ 'ਤੇ ਹਰ ਜਗ੍ਹਾ ਚਿਪਕ ਜਾਂਦਾ। ਫਿਰ ਮਾਤਾ ਜੀ ਸਾਨੂੰ ਚੰਗੀ ਤਰ੍ਹਾਂ ਨੁਹਾਉਂਦੇ ਹੁੰਦੇ ਸਨ। ਮੈਂ ਅਤੇ ਮੇਰੀਆਂ ਭੈਣਾਂ ਹਰ ਸਾਲ ਅੰਬਾਂ ਦੇ ਸੀਜ਼ਨ ਦਾ ਬਹੁਤ ਬੇਸਬਰੀ ਨਾਲ ਇੰਤਜ਼ਾਰ ਕਰਦੇ। ਇਹੀ ਹਾਲ ਗੁੜ ਦੇ ਸੀਜ਼ਨ ਦਾ ਸੀ। ਪਿੰਡਾਂ ਵਿੱਚ ਕਹਾਵਤ ਹੈ, 'ਜੱਟ ਗੰਨਾ ਨਹੀਂ ਦਿੰਦਾ, ਗੁੜ ਦੀ ਰੋੜੀ ਦੇ ਦਿੰਦਾ ਹੈ'। ਇਸ ਦਾ ਮਤਲਬ ਹੈ ਕਿ ਕਿਸਾਨ ਨੂੰ ਆਪਣੀ ਗੰਨੇ ਦੀ ਫਸਲ ਬਹੁਤ ਪਿਆਰੀ ਹੁੰਦੀ ਹੈ, ਇਸ ਲਈ ਉਸ ਦੇ ਪੱਕਣ ਤੋਂ ਪਹਿਲਾਂ ਉਹ ਕਿਸੇ ਨੂੰ ਹੱਥ ਨਹੀਂ ਲਗਾਉਣ ਦਿੰਦਾ, ਪੱਕਣ ਤੋਂ ਬਾਅਦ ਉਸ ਦੇ ਰਸ ਤੋਂ ਤਿਆਰ ਹੋਏ ਗੁੜ ਦਾ ਸੁਆਦ ਉਹ ਸਾਰਿਆਂ ਨੂੰ ਚਖਾਉਂਦਾ ਹੈ। ਮੈਨੂੰ ਰਸ ਤੋਂ ਗੁੜ ਬਣਨ ਦੇ ਨਜ਼ਾਰੇ ਦੇਖਣ ਦਾ ਬਹੁਤ ਸ਼ੌਕ ਸੀ। ਕਿਸਾਨਾਂ ਨੇ ਖੇਤਾਂ ਵਿੱਚ ਗੰਨਾ ਪੀੜਨ ਵਾਲੀ ਕੁਲਾੜੇ ਲਾਏ ਹੁੰਦੇ ਸਨ। ਵੱਡੀ ਭੱਠੀ (ਚੁੰਭਾ) ਉਤੇ ਗੰਨੇ ਦੇ ਰਸ ਨੂੰ ਗੁੜ ਵਿੱਚ ਬਦਲਿਆ ਜਾਂਦਾ ਸੀ। ਉਸ ਦੀ ਉਪਰਲੀ ਤਹਿ ਦੀ ਚਮਕ ਸੂਰਜ ਦੀ ਰੋਸ਼ਨੀ ਨੂੰ ਮਾਤ ਕਰਦੀ ਸੀ। ਇਹ ਮਿਹਨਤਕਸ਼ ਲੋਕ ਤਾਜ਼ਾ ਗੁੜ ਦੀਆਂ ਭੇਲੀਆਂ ਨੂੰ ਕੱਪੜੇ ਵਿੱਚ ਬੰਨ੍ਹ ਕੇ ਸਾਡੇ ਘਰ ਪੁਚਾ ਜਾਂਦੇ ਸਨ। ਸਾਡੇ ਸ਼ਹਿਰਾਂ ਵਿੱਚ ਰਹਿੰਦੇ ਰਿਸ਼ਤੇਦਾਰ ਅੰਬ ਅਤੇ ਗੁੜ ਦੇ ਸੀਜ਼ਨ ਵਿੱਚ ਸਾਡੇ ਕੋਲ ਆਉਣ ਦਾ ਪ੍ਰੋਗਰਾਮ ਬਣਾਉਂਦੇ ਸਨ ਤਾਂ ਕਿ ਉਹ ਤਾਜ਼ਾ ਅੰਬ ਤੇ ਗੁੜ ਦਾ ਸੁਆਦ ਲੈ ਸਕਣ।

ਜਦੋਂ ਮੇਰੇ ਮਾਤਾ ਜੀ ਦੀ ਬਦਲੀ ਲੁਧਿਆਣੇ ਹੋ ਗਈ ਤਾਂ ਸਾਨੂੰ ਲੱਗਿਆ ਕਿ ਤਾਜ਼ਾ ਅੰਬ ਅਤੇ ਗੁੜ ਤੋਂ ਵਾਂਝੇ ਹੋ ਗਏ ਹਾਂ, ਪਰ ਸਾਨੂੰ ਉਦੋਂ ਬੜੀ ਹੈਰਾਨੀ ਹੋਈ, ਜਦੋਂ ਅੰਬਾਂ ਦੇ ਸੀਜ਼ਨ ਵਿੱਚ ਬੋਦਲਾਂ ਦਾ ਇੱਕ ਕਿਸਾਨ ਅੰਬਾਂ ਦੀ ਟੋਕਰੀ ਲੈ ਕੇ ਸਾਡੇ ਘਰ ਆ ਗਿਆ। ਉਸ ਨੇ ਕਿਹਾ, ''ਭੈਣ ਜੀ, ਇਹ ਮੇਰੇ ਅੰਬਾਂ ਦੀ ਪਹਿਲੀ ਟੋਕਰੀ ਹੈ, ਤਾਂ ਕੀ ਹੋਇਆ, ਜੇ ਤੁਸੀਂ ਸਾਡੇ ਪਿੰਡ ਨਹੀਂ ਪੜ੍ਹਾਉਂਦੇ, ਸਾਡੇ ਦਿਲ ਵਿੱਚ ਤੁਹਾਡੇ ਲਈ ਸਤਿਕਾਰ ਨਹੀਂ ਘਟਿਆ। ਜਦੋਂ ਤੱਕ ਮੈਂ ਜਿਊਂਦਾ ਹਾਂ ਤੁਹਾਡੇ ਹਿੱਸੇ ਦੇ ਅੰਬ ਪਹੁੰਚਾਉਣ ਜ਼ਰੂਰ ਆਇਆ ਕਰਾਂਗਾ।'' ਇਹ ਸੁਣ ਕੇ ਮੇਰੇ ਮਾਤਾ ਜੀ ਦੀਆਂ ਅੱਖਾਂ ਵਿੱਚ ਹੰਝੂ ਭਰ ਆਏ। ਫਿਰ ਗੁੜ ਦੇ ਸੀਜ਼ਨ ਵੇਲੇ ਵੀ ਇੰਝ ਹੀ ਹੋਇਆ। ਕਈ ਜਾਣਕਾਰ ਤਾਜ਼ਾ ਗੁੜ ਸਾਡੇ ਘਰ ਆ ਕੇ ਦੇ ਗਏ।

ਕੀ ਅੱਜਕੱਲ੍ਹ ਦੇ ਜ਼ਮਾਨੇ 'ਚ ਅਸੀਂ ਸੋਚ ਸਕਦੇ ਹਾਂ ਕਿ ਏਦਾਂ ਬਿਨਾਂ ਸਵਾਰਥ ਕੋਈ ਆਪਣੀਆਂ ਚੀਜ਼ਾਂ ਦੂਸਰਿਆਂ ਨਾਲ ਵੰਡਦਾ ਹੋਵੇ। ਅਸੀਂ ਸ਼ਾਇਦ ਗੁਰੂ ਨਾਨਕ ਜੀ ਦੀ ਸਿੱਖਿਆ ਭੁੱਲ ਗਏ ਹਾਂ ਜਿਨ੍ਹਾਂ ਨੇ ਕਿਹਾ ਸੀ-ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ। ਮੈਂ ਅੱਜ ਵੀ ਲੋਚਦਾ ਹਾਂ ਕਿ ਕਦੇ ਬੋਦਲਾਂ ਦੇ ਬਾਗ਼ਾਂ ਦੇ ਤਾਜ਼ੇ ਅੰਬ ਚੂਪਣ ਨੂੰ ਮਿਲ ਜਾਣ ਜਾਂ ਖੇਤ ਵਿੱਚ ਬਣਦੇ ਤਾਜ਼ੇ ਗੁੜ ਦਾ ਸੁਆਦ ਮਾਣ ਸਕਾਂ, ਪਰ ਜ਼ਿੰਦਗੀ ਦੀ ਦੌੜ ਨੇ ਇਹ ਸਾਰਾ ਕੁਝ ਬਹੁਤ ਪਿੱਛੇ ਛੱਡ ਦਿੱਤਾ ਹੈ।

# ਪੰਜਾਬ ਤੋਂ ਦਿੱਲੀ, ਯੂ ਪੀ, ਬਿਹਾਰ ਨੂੰ ਧੜੱਲੇ ਨਾਲ ਚੱਲ ਰਹੀਆਂ ਨੇ ਗ਼ੈਰ ਕਾਨੂੰਨੀ ਬੱਸਾਂ

ਜਲੰਧਰ, 19 ਅਕਤੂਬਰ (ਪੋਸਟ ਬਿਊਰੋ)- ਪਹਿਲਾਂ ਕੋਰੋਨਾ ਆਫ਼ਤ ਦੇ ਕਾਰਨ ਭਾਰਤ ਵਿੱਚ ਰੇਲ ਆਵਾਜਾਈ ਬੰਦ ਸੀ ਤੇ ਅੱਜਕਲ੍ਹ ਇੱਕ ਮਹੀਨੇ ਤੋਂ ਕਿਸਾਨ ਸੰਘਰਸ਼ ਕਾਰਨ ਰੇਲ ਆਵਾਜਾਈ ਠੱਪ ਹੋਣ ਕਰ ਕੇ ਅੰਤਰਰਾਜੀ ਬੱਸ ਸੇਵਾ ਹਾਲੇ ਚੰਗੀ ਤਰ੍ਹਾਂ ਚਾਲੂ ਨਹੀਂ ਹੋਈ, ਪਰ ਕੁਝ ਨਿੱਜੀ ਟਰਾਂਸਪੋਰਟਰ ਪੂਰੇ ਧੜੱਲੇ ਨਾਲ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਤੋਂ ਗ਼ੈਰ ਕਾਨੂੰਨੀ ਬੱਸਾਂ ਚਲਾ ਰਹੇ ਹਨ ਤੇ ਮੂੰਹ ਮੰਗਿਆ ਕਿਰਾਇਆ ਵਸੂਲ ਕਰਦੇ ਹਨ। ਏਹੀ ਨਹੀਂ ਦਿੱਲੀ ਤੋਂ ਪੰਜਾਬ ਨੂੰ ਆਉਣ ਵਾਲੀਆਂ ਅਜਿਹੀਆਂ ਗ਼ੈਰ ਕਾਨੂੰਨੀ ਬੱਸਾਂ ਜਦ ਰਾਤ ਸਮੇਂ ਜੀ ਟੀ ਰੋਡ ਉਪਰ ਹਰਿਆਣਾ ਵਿੱਚ ਢਾਬਿਆਂ ਉੱਤੇ ਖੜ੍ਹੋਂਦੀਆਂ ਹਨ ਤਾਂ ਸਵਾਰੀਆਂ ਕੋਲੋਂ ਡੰਡੇ ਦੇ ਜ਼ੋਰ ਨਾਲ ਵਾਧੂ ਪੈਸੇ ਵਸੂਲੇ ਜਾਂਦੇ ਹਨ ਤੇ ਨਾਂਹ-ਨੁੱਕਰ ਕਰਨ ਵਾ-ਲਿਆਂ ਨੂੰ ਕੁਟਾਪਾ ਵੀ ਚਾੜ੍ਹਿਆ ਜਾਂਦਾ ਹੈ। ਦੱਸਿਆ ਜਾ ਰਿਹਾ ਹੈ ਕਿ ਜਲੰਧਰ, ਲੁਧਿਆਣਾ ਅਤੇ ਹੋਰ ਕੁਝ ਸ਼ਹਿਰਾਂ ਤੋਂ ਹਰ ਰੋਜ਼ ਸੈਂਕੜੇ ਬੱਸਾਂ ਦਿੱਲੀ, ਉਤਰ ਪ੍ਰਦੇਸ਼ ਤੇ ਬਿਹਾਰ ਆਦਿ ਨੂੰ ਸ਼ਰੇਆਮ ਚਲਦੀਆਂ ਹਨ।



ਦੂਸਰੇ ਪਾਸੇ ਦਿੱਲੀ ਦੇ ਕਸ਼ਮੀਰੀ ਗੇਟ ਤੇ ਚਾਂਦਨੀ ਚੌਕ ਕੋਲੋਂ ਲੁਧਿਆਣਾ ਅਤੇ ਜਲੰਧਰ ਲਈ ਰੋਜ਼ ਗ਼ੈਰ ਕਾਨੂੰਨੀ ਬੱਸਾਂ ਚੱਲਦੀਆਂ ਹਨ। ਜਲੰਧਰ ਦੇ ਬੱਸ ਅੱਡੇ ਲਾਗੇ ਓਵਰ ਬ੍ਰਿਜ ਉੱਤੇ ਗੜ੍ਹਾ ਰੋਡ, ਮੈਡੀਕਲ ਕਾਲਜ ਦੇ ਮੂਹਰਲੇ ਖ਼ਾਲੀ ਮੈਦਾਨ ਤੋਂ ਅਤੇ ਸ਼ਾਮ 9 ਵਜੇ ਤੋਂ ਬਾਅਦ ਪੀ ਏ ਪੀ ਪੁਲ ਹੇਠੋਂ ਸ਼ਰੇਆਮ ਟਿਕਟਾਂ ਕੱਟ ਕੇ ਅਤੇ ਸਾਮਾਨ ਲੱਦਣ ਦੇ ਕਈ ਘੰਟੇ ਬਾਅਦ ਇਹ ਬੱਸਾਂ ਬਿਨਾਂ ਨਾਗਾ ਰੋਜ਼ ਜਾਂਦੀਆਂ ਹਨ। ਲੁਧਿਆਣਾ ’ਚ ਫੋਕਲ ਪੁਆਇੰਟ, ਸ਼ੇਰਪੁਰ, ਚੀਮਾ ਚੌਕ, ਮੁੱਖ ਬੱਸ ਅੱਡੇ ਲਾਗੇ ਅਤੇ ਗਿਆਸਪੁਰਾ ਆਦਿ ਥਾਵਾਂ ਤੋਂ ਰੋਜ਼ ਨਾਜਾਇਜ਼ ਬੱਸਾਂ ਜਾਂਦੀਆਂ ਹਨ। ਪਤਾ ਲੱਗਾ ਹੈ ਕਿ ਇਨ੍ਹਾਂ ਗ਼ੈਰ ਕਾਨੂੰਨੀ ਬੱਸਾਂ ਲਈ ਸਵਾਰੀਆਂ ਦੀ ਬੁਕਿੰਗ ਵਾਸਤੇ ਬੱਸਾਂ ਵਾਲਿਆਂ ਨੇ ਠੇਕੇਦਾਰ ਰੱਖੇ ਹੋਏ ਹਨ। ਇਹ ਬੱਸਾਂ ਵਾਲੇ ਦਿੱਲੀ ਜਾਣ ਤੇ ਆਉਣ ਲਈ 950 ਰੁਪਏ ਕਿਰਾਇਆ ਵਸੂਲਦੇ ਹਨ ਤੇ ਉਤਰ ਪ੍ਰਦੇਸ਼ ਤੇ ਬਿਹਾਰ ਲਈ ਕਿਰਾਇਆ 1500 ਤੋਂ 2000 ਰੁਪਏ ਹੈ, ਪਰ ਮਹੀਨਿਆਂ ਤੋਂ ਇਹ ਨਾਜਾਇਜ਼ ਧੰਦਾ ਚੱਲ ਰਿਹਾ ਹੈ ਪ੍ਰਸ਼ਾਸਨ ਪੂਰੀ ਤਰ੍ਹਾਂ ਸੁੱਤਾ ਹੋਇਆ ਹੈ। ਪਰਸੋਂ ਤੜਕੇ 3.30 ਵਜੇ ਦੇ ਕਰੀਬ ਇੱਕ ਡਬਲ ਡੈਕਰ ਬੱਸ ਦਿੱਲੀ ਦੇ ਕਸ਼ਮੀਰੀ ਗੇਟ ਤੋਂ ਸਵਾਰੀਆਂ ਲੈ ਕੇ ਲੁਧਿਆਣਾ ਅਤੇ ਜਲੰਧਰ ਲਈ ਚੱਲੀ। ਇਸ ਵਿੱਚ ਸਵਾਰ ਲੋਕਾਂ ਨੇ ਦੱਸਿਆ ਕਿ ਉਨ੍ਹਾਂ ਤੋਂ ਪ੍ਰਤੀ ਸਵਾਰੀ 950 ਵਸੂਲੇ ਗਏ ਤੇ ਉਥੇ ਖੜੀ ਏ ਸੀ ਬੱਸ ਵਿੱਚ ਲਿਜਾਣ ਦਾ ਭਰੋਸਾ ਦੇ ਕੇ ਤੋਰਨ ਦੇ ਵਕਤ ਇੱਕ ਬਗ਼ੈਰ ਏ ਸੀ ਪੁਰਾਣੀ ਬੱਸ ਵਿੱਚ ਬਿੱਠਾ ਦਿੱਤਾ। ਗ਼ੈਰ ਕਾਨੂੰਨੀ ਹੋਣ ਕਾਰਨ ਇਹ ਬੱਸ ਹਰਿਆਣਾ ਦੇ ਪੇਂਡੂ ਖੇਤਰਾਂ ਵਿੱਚੋਂ ਹੁੰਦੀ ਹੋਈ 9 ਘੰਟੇ ਬਾਅਦ ਅੰਬਾਲੇ ਪੁੱਜੀ। ਜਲੰਧਰ ਦੀ ਇੱਕ ਸਵਾਰੀ ਨੇ ਦੱਸਿਆ ਕਿ ਕਰਨਾਲ ਲੰਘ ਕੇ ਬੱਸ ਇੱਕ ਸ਼ੁੱਧ ਵੈਸ਼ਨੋ ਢਾਬੇ ਵਾਲੀ ਥਾਂ ਖੜੀ ਕੀਤੀ ਤਾਂ ਢਾਬੇ ਵਾਲਿਆਂ 40 ਰੁਪਏ ਥਾਲੀ ਦਾ ਹੋਕਾ ਦਿੱਤਾ। ਬੱਸ ’ਚ 50 ਤੋਂ ਵਧੇਰੇ ਸਵਾਰੀਆਂ ਵਿੱਚ ਡੇਢ ਦਰਜਨ ਦੇ ਕਰੀਬ ਪੰਜਾਬੀ ਤੇ ਦਰਜਨ ਔਰਤਾਂ ਅਤੇ ਬਹੁਤੇ ਪ੍ਰਵਾਸੀ ਮਜ਼ਦੂਰ ਸਨ। ਜਦ ਖਾਣਾ ਖਾਣ ਵਾਲਿਆਂ ਨੇ ਪੈਸੇ ਦੇਣੇ ਸ਼ੁਰੂ ਕੀਤੇ ਤਾਂ ਢਾਬੇ ਵਾਲਿਆਂ ਕਿਹਾ ਕਿ 340 ਰੁਪਏ ਪ੍ਰਤੀ ਪਲੇਟ ਦਿਉ। ਇੱਕ ਪੰਜਾਬੀ ਬਜ਼ੁਰਗ ਨੇ ਜਦ ਸਵਾਲ ਕੀਤਾ ਤਾਂ ਉਸ ਦਾ ਕੁਟਾਪਾ ਚਾੜ੍ਹ ਦਿੱਤਾ ਤੇ ਢਾਬੇ ਵਾਲਿਆਂ ਦੇ ਬੰਦੇ ਰਾਡਾਂ, ਖੁਰਚਣੇ ਤੇ ਹੋਰ ਹਥਿਆਰ ਲੈ ਕੇ ਸਭ ਦੇ ਦੁਵਾਲੇ ਆ ਖੜੋਤੇ ਅਤੇ ਸਭ ਨੂੰ ਪੈਸੇ ਦੇਣ ਲਈ ਮਜ਼ਬੂਰ ਕੀਤਾ ਅਤੇ ਔਰਤਾਂ ਨੂੰ ਵੀ ਬੁਰਾ ਭਲਾ ਬੋਲਿਆ। ਬੱਸ ’ਚ ਸਵਾਰ ਲੋਕਾਂ ਨੇ ਦੱਸਿਆ ਕਿ ਬੱਸ ਦੇ ਡਰਾਈਵਰ ਅਤੇ ਕੰਡਕਟਰ ਤੋਂ ਇਲਾਵਾ 3-4 ਹੋਰ ਵੀ ਨਾਲ ਸਨ ਤੇ ਉਹ ਵੀ ਢਾਬੇ ਵਾਲਿਆਂ ਨਾਲ ਮਿਲੇ ਹੋਏ ਨਜ਼ਰ ਆ ਰਹੇ ਸਨ। ਸਵਾਰੀਆਂ ਨੂੰ ਹੋਰ ਪ੍ਰੇਸ਼ਾਨੀ ਤੇ ਹੈਰਾਨਗੀ ਇਹ ਹੋਈ ਕਿ ਪੈਸੇ ਜਲੰਧਰ ਤੱਕ ਦੇ ਵਸੂਲੇ ਸਨ, ਪਰ ਉਨ੍ਹਾਂ ਨੂੰ ਲੁਧਿਆਣਾ ਬਾਈਪਾਸ ਉਤੇ ਉਤਾਰ ਕੇ ਬੱਸ ਭਜਾ ਕੇ ਲੈ ਗਏ। ਸਵਾਰੀਆਂ ਨੇ ਦੱਸਿਆ ਕਿ ਬੱਸ ਉਪਰ ਨਾ ਕੋਈ ਕੰਪਨੀ ਦਾ ਨਾਂਅ ਲਿਖਿਆ ਸੀ ਤੇ ਨਾ ਹੀ ਪੂਰਾ ਰਜਿਸਟਰਡ ਨੰਬਰ, ਸਿਰਫ ਏ ਸੀ ਵੀਡੀਓ ਕੋਚ ਲਿਖਿਆ ਸੀ।

# ਮੁੱਖ ਮੰਤਰੀ ਦੀ ਅਗਵਾਈ ’ਚ ਪੰਜਾਬ ਵਿਧਾਨ ਸਭਾ ਵੱਲੋਂ ਖੇਤੀ ਕਾਨੂੰਨਾਂ ਖਿਲਾਫ ਰੋਸ਼ ਮੁਜ਼ਾਹਰਿਆਂ ਦੌਰਾਨ ਜਾਨ ਗਵਾਉਣ ਵਾਲੇ ਕਿਸਾਨਾਂ ਨੂੰ ਸ਼ਰਧਾਂਜਲੀ

* ਵਿਸ਼ੇਸ਼ ਸੈਸ਼ਨ ਦੇ ਪਹਿਲੇ ਦਿਨ ਵਿਧਾਨ ਸਭਾ ਵੱਲੋਂ ਉੱਘੀਆਂ ਸ਼ਖ਼ਸੀਅਤਾਂ ਨੂੰ ਵੀ ਸ਼ਰਧਾਂਜਲੀ



ਚੰਡੀਗੜ, 19 ਅਕਤੂਬਰ (ਪੋਸਟ ਬਿਊਰੋ): 15ਵੀਂ ਪੰਜਾਬ ਵਿਧਾਨ ਸਭਾ ਦੇ 13ਵੇਂ (ਵਿਸ਼ੇਸ਼) ਸੈਸ਼ਨ ਦੇ ਪਹਿਲੇ ਦਿਨ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਸਦਨ ਨੇ ਸੋਮਵਾਰ ਨੂੰ ਉਨਾਂ ਸਾਰੇ ਕਿਸਾਨਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਜੋ ਕਿ ਕੇਂਦਰ ਸਰਕਾਰ ਦੇ ਕਾਲੇ ਖੇਤੀਬਾੜੀ ਕਾਨੂੰਨਾਂ ਖਿਲਾਫ ਰੋਸ਼-ਮੁਜ਼ਾਹਰਾ ਕਰਦੇ ਹੋਏ ਆਪਣੀ ਜਾਨ ਗੁਆ ਬੈਠੇ ਹਨ।

ਸਦਨ ਵੱਲੋਂ ਆਜ਼ਾਦੀ ਘੁਲਾਟੀਆਂ, ਸਿਆਸੀ ਤੇ ਹੋਰ ਉੱਘੀਆਂ ਹਸਤੀਆਂ ਅਤੇ ਸੈਨਿਕਾਂ ਨੂੰ ਵੀ ਸ਼ਰਧਾਂਜਲੀ ਭੇਟ ਕੀਤੀ ਗਈ। ਸਮੂਹ ਮੈਂਬਰਾਂ ਨੇ ਵਿਛੜੀਆਂ ਰੂਹਾਂ ਦੇ ਸਨਮਾਨ ਵਿਚ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਦਿੱਤੀ।

ਇਸ ਮੌਕੇ ਲਾਂਸ ਨਾਇਕ ਕਰਨੈਲ ਸਿੰਘ, ਪੰਜਾਬੀ ਭਾਸ਼ਾ ਦੇ ਉੱਘੇ ਵਿਗਿਆਨੀ ਤੇ ਸਾਹਿਤਕਾਰ-ਲੇਖਕ ਕੁਲਦੀਪ ਸਿੰਘ ਧੀਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਉਪ ਕੁਲਪਤੀ ਜੋਗਿੰਦਰ ਸਿੰਘ ਪੁਆਰ ਅਤੇ ਮਸ਼ਹੂਰ ਸੰਗੀਤਕਾਰ ਤੇ ਉੱਘੀ ਗਾਇਕਾ ਜਸਪਿੰਦਰ ਨਰੂਲਾ ਦੇ ਪਿਤਾ ਕੇਸਰ ਸਿੰਘ ਨਰੂਲਾ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ, ਜਿਨਾਂ ਦਾ ਹਾਲ ਹੀ ਵਿੱਚ ਦੇਹਾਂਤ ਹੋ ਗਿਆ ਸੀ।

ਲਾਂਸ ਨਾਇਕ ਕਰਨੈਲ ਸਿੰਘ 30 ਸਤੰਬਰ ਨੂੰ ਜੰਮੂ-ਕਸ਼ਮੀਰ ਦੇਂ ਸ਼ਨਾ ਘਾਟੀ ਖੇਤਰ ਵਿਚ ਦਹਿਸ਼ਤਗਰਦਾਂ ਖਿਲਾਫ ਇੱਕ ਓਪਰੇਸ਼ਨ ਦੌਰਾਨ ਸ਼ਹੀਦ ਹੋ ਗਏ ਸਨ। ਸਦਨ ਵੱਲੋਂ ਆਜ਼ਾਦੀ ਘੁਲਾਟੀਆਂ ਮਹਿੰਦਰ ਸਿੰਘ, ਸਰਦਾਰ ਸਿੰਘ, ਰਾਏ ਸਿੰਘ ਪਤੰਗਾ, ਮਹਿੰਦਰ ਸਿੰਘ ਅਤੇ ਹੇਮ ਰਾਜ ਮਿੱਤਲ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਆਜ਼ਾਦੀ ਦੀ ਲੜਾਈ ਵਿਚ ਇਨਾਂ ਵੱਲੋਂ ਪਾਏ ਯੋਗਦਾਨ ਨੂੰ ਯਾਦ ਕੀਤਾ ਗਿਆ।

ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ ਬੇਨਤੀ ਉੱਤੇ ਸਪੀਕਰ ਵੱਲੋਂ ਸ਼ੋਰਿਆ ਚੱਕਰ ਜੇਤੂ ਬਲਵਿੰਦਰ ਸਿੰਘ ਸੰਧੂ ਦਾ ਨਾਂ ਵੀ ਸ਼ਰਧਾਂਜਲੀਆਂ ਵਿਚ ਸ਼ਾਮਲ ਕਰਨ ਨੂੰ ਮਨਜ਼ੂਰੀ ਦਿੱਤੀ ਗਈ।

ਸਦਨ ਦੇ ਮੈਂਬਰਾਂ ਵੱਲੋਂ ਖੰਨਾ ਤੋਂ ਵਿਧਾਇਕ ਗੁਰਕੀਰਤ ਸਿੰਘ ਕੋਟਲੀ ਦੇ ਮਾਤਾ ਜੀ ਦਵਿੰਦਰ ਕੌਰ, ਪਠਾਨਕੋਟ ਤੋਂ ਵਿਧਾਇਕ ਅਮਿਤ ਵਿੱਜ ਦੇ ਪਿਤਾ ਅਨਿਲ ਵਿੱਜ, ਗੜਸ਼ੰਕਰ ਤੋਂ ਵਿਧਾਇਕ ਜੈ ਕਿਸ਼ਨ ਰੋੜੀ ਦੇ ਪਿਤਾ ਚੌਧਰੀ ਚੈਨ ਸਿੰਘ ਅਤੇ ਵਿਧਾਇਕ ਸਰਬਜੀਤ ਕੌਰ ਮਾਣੂੰਕੇ ਦੇ ਪਿਤਾ ਗੁਰਬੰਤ ਸਿੰਘ ਨੂੰ ਵੀ ਸ਼ਰਧਾਂਜਲੀ ਭੇਟ ਕੀਤੀ ਗਈ, ਜਿਨਾਂ ਦਾ ਦੇਹਾਂਤ ਹਾਲ ਹੀ ਵਿਚ ਹੋਇਆ ਸੀ।

ਸਪੀਕਰ ਰਾਣਾ ਕੰਵਰਪਾਲ ਸਿੰਘ ਨੇ ਇਹ ਤਜਵੀਜ਼ ਪੇਸ਼ ਕੀਤੀ ਕਿ ਉਨਾਂ ਸਾਰੇ ਮੈਂਬਰਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਜਾਵੇ ਜੋ ਕਿ ਪਿਛਲੇ ਸੈਸ਼ਨ ਤੋਂ ਲੈ ਕੇ ਹੁਣ ਤੱਕ ਦੇ ਸਮੇਂ ਦੌਰਾਨ ਅਕਾਲ ਚਲਾਣਾ ਕਰ ਗਏ ਹਨ। ਉੱਘੀਆਂ ਸ਼ਖ਼ਸੀਅਤਾਂ ਨੂੰ ਸ਼ਰਧਾਂਜਲੀ ਭੇਟ ਕਰਨ ਤੋਂ ਬਾਅਦ ਸਪੀਕਰ ਨੇ ਵਿਛੜੀਆਂ ਰੂਹਾਂ ਦੇ ਪਰਿਵਾਰਾਂ ਨੂੰ ਸਦਨ ਵੱਲੋਂ ਸ਼ੋਕ ਸੰਦੇਸ਼ ਭੇਜਣ ਸਬੰਧੀ ਇੱਕ ਮਤਾ ਪੇਸ਼ ਕੀਤਾ ਜਿਸ ਨੂੰ ਜ਼ੁਬਾਨੀ ਵੋਟ ਰਾਹੀਂ ਪਾਸ ਕੀਤਾ ਗਿਆ।

# ਰੇਲ ਸਪਲਾਈ ਬੰਦ ਹੋਣ ਕਾਰਨ ਸਾਈਕਲ ਉਦਯੋਗ ਤੰਗ

ਲੁਧਿਆਣਾ, 19 ਅਕਤੂਬਰ (ਪੋਸਟ ਬਿਊਰੋ)- ਪੰਜਾਬ ਵਿੱਚ ਸਾਈਕਲ ਉਦਯੋਗ ਇਸ ਵਕਤ ਵੱਡੇ ਸਪਲਾਈ ਸੰਕਟ ਦੀ ਮਾਰ ਹੇਠ ਹੈ। ਇਸ ਦੀ ਵਜ੍ਹਾ ਇਹ ਹੈ ਕਿ ਲੰਮੇ ਅਰਸੇ ਤੋਂ ਕਿਸਾਨਾਂ ਦੇ ਸੰਘਰਸ਼ ਅਤੇ ਰੇਲ ਰੋਕੋ ਵਾਲੇ ਐਕਸ਼ਨਾਂ ਕਾਰਨ ਉਤਪਾਦਨ ਲਈ ਕੱਚੇ ਮਾਲ ਦੀ ਕਮੀ ਹੋਈ ਪਈ ਹੈ।



ਇਸ ਸੰਬੰਧ ਵਿੱਚ ਪ੍ਰਸਿੱਧ ਸਾਈਕਲ ਕੰਪਨੀ ਹੀਰੋ ਨੇ ਸਪਲਾਈ ਵਿੱਚ ਪਈ ਰੁਕਾਵਟ ਦੂਰ ਕਰਨ ਲਈ ਸਰਕਾਰ ਤੋਂ ਤੁਰੰਤ ਦਖਲ ਦੇਣ ਦੀ ਮੰਗ ਕੀਤੀ ਹੈ। ਉਨ੍ਹਾਂਨੇ ਕਿਹਾ ਹੈ ਕਿ ਨਵੇਂ ਪਾਸ ਕੀਤੇ ਖੇਤੀ ਸੁਧਾਰ ਕਾਨੂੰਨਾਂ ਵਿਰੁੱਧ ਕਿਸਾਨਾਂ ਦੇ ਅੰਦੋਲਨ ਦੇ ਦੋ ਹਫਤੇ ਬਾਅਦ ਮਾਲ ਢੋਆਈ ਰੁਕ ਗਈ ਅਤੇ ਸਪਲਾਈ ਵਿੱਚ ਗੰਭੀਰ ਸੰਕਟ ਪੈਦਾ ਹੋਇਆ ਹੈ। ਇਸ ਰੁਕਾਵਟ ਨਾਲ ਨਾ ਸਿਰਫ ਕੱਚੇ ਮਾਲ ਦੀ ਕਮੀ ਆਈ ਹੈ, ਸਗੋਂ ਕੋਲੇ ਦੀ ਸਪਲਾਈ ਵੀ ਪ੍ਰਭਾਵਤ ਹੋਈ ਹੈ। ਹੀਰੋ ਕੰਪਨੀ ਦੇ ਐੱਮ ਮੁੰਜਾਲ ਨੇ ਕਿਹਾ ਕਿ ਇੰਟਰਨੈਸ਼ਨਲ ਸਾਈਕਲ ਵੈਲੀ ਤੋਂ ਪੈਸੇ ਲਾਉਣ ਵਾਲੇ ਆਪਣੇ ਹੱਥ ਪਿੱਛੇ ਖਿੱਚ ਰਹੇ ਹਨ।ਹੀਰੋ ਮੋਟਰਜ਼ ਕੰਪਨੀ ਦੇ ਐਮ ਡੀ ਅਤੇ ਚੇਅਰਮੈਨ ਪੰਕਜ ਐਮ ਮੁੰਜਾਲ ਨੇ ਕਿਹਾ ਕਿ ਲੰਮੇ ਅਰਸੇ ਤੱਕ ਰੇਲਾਂ ਰੋਕਣ ਦੇ ਐਕਸ਼ਨਾਂ ਕਾਰਨ ਸਾਈਕਲ ਉਦਯੋਗ ਨੂੰ ਬਹੁਤ ਜ਼ਿਆਦੀ ਮਾਰ ਪਈ ਹੈ।

ਇਸ ਤੋਂ ਪਹਿਲਾਂ ਕੋਰੋਨਾ ਵਾਇਰਸ ਦੇ ਲਾਕਡਾਊਨ ਦੇ ਕਾਰਨ ਸਾਈਕਲ ਉਤਪਾਦਨ ਦਾ ਕੰਮ ਪ੍ਰਭਾਵਤ ਹੋਇਆ ਸੀ ਅਤੇ ਹਾਲੇ ਤੱਕ ਮੰਗਅ ਤੇ ਸਪਲਾਈ ਦਾ ਫਰਕ ਖਤਮ ਨਹੀਂ ਕੀਤਾ ਜਾ ਸਕਿਆ। ਇਸ ਸਥਿਤੀ ਨੇ ਸਪਲਾਈ ਸੰਕਟ ਨੂੰ ਹੋਰ ਭੈੜਾ ਬਣਾ ਦਿੱਤਾ ਹੈ। ਉਨ੍ਹਾ ਸਰਕਾਰ ਨੂੰ ਅਰਜ਼ ਕੀਤੀ ਹੈ ਕਿ ਇਸ ਮਾਮਲੇ ਵਿੱਚ ਦਖਲ ਦੇ ਕੇ ਮਾਲ ਗੱਡੀਆਂ ਦੀ ਆਵਾਜਾਈ ਮੁੜ ਸ਼ੁਰੂ ਕੀਤੀ ਜਾਵੇ ਤਾਂ ਜੋ ਸਮੱਸਿਆ ਦਾ ਹੱਲ ਹੋ ਸਕੇ।

ਉਂਜ ਸਾਈਕਲ ਸੈਕਟਰ ਚੀਨ ਤੋਂ ਦਰਾਮਦ ਕੀਤੇ ਜਾਣ ਵਾਲੇ ਹਾਈ-ਐਂਡ ਪੁਰਜਿਆਂ ਦੀ ਨਿਰਭਰਤਾ ਘਟਾਉਣ ਲਈ ਵੀ ਲਗਾਤਾਰ ਕੰਮ ਕਰ ਰਿਹਾ ਹੈ। ਚੀਨ ਨਾਲ ਚੱਲਦੇ ਸਰਹੱਦੀ ਤਣਾਅ ਕਾਰਨ ਪਿੱਛੇ ਜਿਹੇ ਹੀਰੋ ਕੰਪਨੀ ਨੇ ਚੀਨੀ ਕੰਪਨੀਆਂ ਨਾਲ 900 ਕਰੋੜ ਦੀ ਵਪਾਰਕ ਡੀਲ ਤੋਂ ਹੱਥ ਪਿਛਾਂਹ ਖਿੱਚ ਲਏ ਹਨ।

# ਨਾਨਕਸ਼ਾਹੀ ਕੈਲੰਡਰ ਦਾ ਮਾਮਲਾ ਅਕਾਲ ਤਖਤ ਤੋਂ ਮੁੜ ਵਿਚਾਰਨ ਦੀ ਸੰਭਾਵਨਾ

ਅੰਮ੍ਰਿਤਸਰ, 19 ਅਕਤੂਬਰ (ਪੋਸਟ ਬਿਊਰੋ)- ਕਰੀਬ ਦਸ ਸਾਲਾਂ ਬਾਅਦ ਨਾਨਕਸ਼ਾਹੀ ਕੈਲੰਡਰ ਵਿਵਾਦ ਨੂੰ ਸ੍ਰੀ ਅਕਾਲ ਤਖਤ ਉੱਤੇ ਮੁੜ ਵਿਚਾਰੇ ਜਾਣ ਦੀ ਸੰਭਾਵਨਾ ਬਣ ਗਈ ਹੈ। ਇਸ ਵੇਲੇ ਕੈਲੰਡਰ ਵਿਵਾਦ ਕਾਰਨ ਸਮੁੱਚੀ ਸਿੱਖ ਕੌਮ ਦੋ ਹਿੱਸਿਆਂ ਵਿੱਚ ਵੰਡੀ ਹੋਈ ਹੈ ਤੇ ਗੁਰਪੁਰਬ ਵੀ ਦੋ-ਦੋ ਵਾਰ ਮਨਾਏ ਜਾ ਰਹੇ ਹਨ।

ਤਾਜ਼ਾ ਸੂਚਨਾ ਮੁਤਾਬਕ ਨਾਨਕਸ਼ਾਹੀ ਕੈਲੰਡਰ ਵਿਵਾਦ ਬਾਰੇ ਸ੍ਰੀ ਅਕਾਲ ਤਖਤ ਵਿਖੇ ਲਗਾਤਾਰ ਸ਼ਿਕਾਇਤਾਂ ਆ ਰਹੀਆਂ ਹਨ, ਜਿਨਾਂ ਦੇ ਕਾਰਨ ਭਵਿੱਖ ਵਿੱਚ ਇਹ ਕੇਸ ਛੇਤੀ ਵਿਚਾਰਿਆ ਜਾ ਸਕਦਾ ਹੈ। ਪਿੱਛੇ ਜਿਹੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਤੇ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਿਚਾਲੇ ਹੋਈ ਇੱਕ ਗੈਰ ਰਸਮੀ ਮੁਲਾਕਾਤ ਦੇ ਵੇਰਵੇ ਭਾਵੇਂ ਜਨਤਕ ਨਹੀਂ ਹੋਏ, ਪਰ ਇਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੇ ਕੁਝ ਫੈਸਲੇ ਅਜਿਹੇ ਕੀਤੇ ਹਨ, ਜਿਹੜੇ ਇਸ ਮੁਲਾਕਾਤ ਦਾ ਨਤੀਜਾ ਲੱਗਦੇ ਹਨ। ਇਸ ਮੁਲਾਕਾਤ ਮਗਰੋਂ ਸ਼੍ਰੋਮਣੀ ਕਮੇਟੀ ਵੱਲੋਂ ਧਰਮ ਪ੍ਰਚਾਰ ਕਮੇਟੀ ਵੱਲੋਂ 326 ਲਾਪਤਾ ਪਾਵਨ ਸਰੂਪਾਂ ਦੇ ਮਾਮਲੇ ਵਿੱਚ ਦੋਸ਼ੀ ਕਰਾਰ ਦਿੱਤੇ ਗਏ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਖਿਲਾਫ ਕਾਰਵਾਈ ਲਈ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਅਪੀਲ ਕੀਤੀ ਹੈ। ਦੂਸਰੇ ਪਾਸੇ ਨਾਨਕਸ਼ਾਹੀ ਕੈਲੰਡਰ ਵਿਵਾਦ ਪਿਛਲੇ ਇੱਕ ਦਹਾਕੇ ਤੋਂ ਸਿੱਖ ਸੰਸਥਾ ਲਈ ਵੱਡਾ ਮਸਲਾ ਬਣਿਆ ਹੋਇਆ ਹੈ। ਪੰਥਕ ਮਾਹਰਾਂ ਦੇ ਮੁਤਾਬਕ ਸ਼੍ਰੋਮਣੀ ਕਮੇਟੀ ਦੀਆਂ ਅਗਲੀਆਂ ਚੋਣਾਂ ਨੂੰ ਮੁੱਖ ਰੱਖਦਿਆਂ ਕੁਝ ਫੈਸਲੇ ਕੀਤੇ ਜਾ ਰਹੇ ਹਨ ਤਾਂ ਕਿ ਪੰਥਕ ਵਿਵਾਦ ਸਮੇਟ ਕੇ ਵਧੇਰੇ ਸਿੱਖ ਸੰਗਤ ਨੂੰ ਨਾਲ ਜੋੜਿਆ ਜਾ ਸਕੇ।

# ਪ੍ਰਧਾਨ ਮੰਤਰੀ ਮੋਦੀ ਦੀ ਨਿੱਜੀ ਵੈਬਸਾਈਟ ਦਾ ਡਾਟਾ ਲੀਕ

ਨਵੀਂ ਦਿੱਲੀ, 19 ਅਕਤੂਬਰ (ਪੋਸਟ ਬਿਊਰੋ)- ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਨਿੱਜੀ ਵੈਬਸਾਈਟ ਉੱਤੋਂ ਡਾਟਾ ਚੋਰੀ ਕਰਨ ਦੀ ਘਟਨਾ ਵੀ ਵਾਪਰ ਗਈ ਹੈ। ਇਹ ਪਿਛਲੇ ਦੋ ਮਹੀਨਿਆਂ ਵਿੱਚ ਅਜਿਹੀ ਦੂਜੀ ਘਟਨਾ ਹੈ। ਇਸ ਤੋਂ ਪਹਿਲਾਂ ਸਤੰਬਰ ਮਹੀਨੇ ਵਿੱਚ ਪ੍ਰਧਾਨ ਮੰਤਰੀ ਮੋਦੀ ਦੀ ਨਿੱਜੀ ਵੈਬਸਾਈਟ ਅਤੇ ਟਵਿੱਟਰ ਅਕਾਊਂਟ ਹੈਕ ਹੋ ਗਿਆ ਸੀ। ਇਸ ਵਾਰ ਪ੍ਰਧਾਨ ਮੰਤਰੀ ਮੋਦੀ ਦੀ ਨਿੱਜੀ ਵੈਬਸਾਈਟ ਤੋਂ ਕਰੀਬ 5 ਲੱਖ ਲੋਕਾਂ ਦੇ ਅੰਕੜੇ ਚੋਰੀ ਕੀਤੇ ਗਏ ਅਤੇ ਉਨ੍ਹਾਂ ਨੂੰ ਡਾਰਕ ਵੈੱਬ ਉੱਤੇ ਵਿਕਰੀ ਲਈ ਪੇਸ਼ ਕਰਵਾ ਦਿੱਤਾ ਗਿਆ ਹੈ।



ਪਤਾ ਲੱਗਾ ਹੈ ਕਿ ਹੈਕਰਸ ਨੇ ਚੋਰੀ ਕੀਤੇ ਡਾਟਾ ਰਾਹੀਂ 5,70,000 ਲੋਕਾਂ ਦੀ ਮਹੱਤਵਪੂਰਨ ਜਾਣਕਾਰੀ ਚੋਰੀ ਕੀਤੀ ਹੈ। ਇਸ ਵਿੱਚ ਕਈ ਕਿਸਮਾਂ ਦੀਆਂ ਸੂਚਨਾਵਾਂਜਿਵੇਂ ਲੋਕਾਂ ਦੇ ਨਾਂ, ਮੋਬਾਈਲ ਨੰਬਰ, ਵੈਬਸਾਈਟਸ ਸ਼ਾਮਲ ਹਨ। ਸਾਈਬਰ ਸਕਿਉਰਟੀ ਫਰਮ ਸਾਈਬਲ ਦੀ ਰਿਪੋਰਟ ਅਨੁਸਾਰ ਚੋਰੀ ਕੀਤੇ ਅੰਕੜੇ ਅਪਰਾਧਿਕ ਘਟਨਾਵਾਂ ਦਾ ਕਾਰਨ ਬਣ ਸਕਦੇ ਹਨ। ਇਸ ਡਾਟਾ ਦੀ ਵਰਤੋਂ ਫਿਸ਼ਿੰਗ ਈਮੇਲ ਅਤੇ ਸਪੈਮ ਟੈਕਸਟ ਸੁਨੇਹੇ ਭੇਜਣ ਲਈ ਕੀਤੀ ਜਾ ਸਕਦੀ ਹੈ। 5.70 ਲੱਖ ਲੋਕਾਂ, ਜਿਨ੍ਹਾਂ ਦਾ ਡਾਟਾ ਲੀਕ ਹੋਇਆ ਹੈ, ਵਿੱਚ 2.92 ਲੱਖ ਤੋਂਵੱਧ ਦਾਨੀ ਲੋਕ ਹਨ, ਜਿਨ੍ਹਾਂ ਨੇ ਕੋਵਿਡ-19 ਤੋਂ ਇਲਾਵਾ ਸਵੱਛ ਭਾਰਤ, ਬੇਟੀ ਬਚਾਉ-ਬੇਟੀ ਪੜ੍ਹਾਉ ਆਦਿ ਮੁਹਿੰਮਾਂ ਲਈ ਦਾਨ ਕੀਤਾ ਹੈ। ਸਾਈਬਰ ਸਕਿਓਰਟੀ ਫਰਮ ਸਾਈਬਲ ਦੀ ਰਿਪੋਰਟ ਅਨੁਸ-ਾਰ ਦਾਨ ਕਰਨ ਵਾਲੇ ਲੋਕਾਂ ਨੇ ਕਿਸ ਮੋਡ ਨਾਲ, ਕਿਸ ਬੈਂਕ ਤੋਂ ਭੁਗਤਾਨ ਕੀਤਾ ਸੀ, ਇਸ ਦਾ ਸਾਰਾ ਵੇਰਵਾ ਇਸ ਵਿੱਚ ਮੌਜੂਦ ਹੈ, ਜੋ ਸੁਰੱਖਿਆ ਦੇ ਮਾਮਲੇ ਵਿੱਚ ਬਹੁਤ ਖਤਰਨਾਕ ਸਾਬਿਤ ਹੋ ਸਕਦਾ ਹੈ। ਡਾਟਾ ਲੀਕ ਹੋਣ ਦੀ ਘਟਨਾ ਦੀ ਜਾਂਚ ਕਰਨ ਲਈ ਉਨ੍ਹਾਂ ਲੋਕਾਂ ਨੂੰ ਸਾਈਬਲ ਦੇ ਇੰਸਟਾਗ੍ਰਾਮ ਪੇਜ ਉੱਤੇ ਜਾਣਾ ਪਵੇਗਾ, ਜਿੱਥੇ ਡਾਟਾ ਲੀਕ ਕਰਨ ਵਾਲੇ ਲੋਕਾਂ ਦੇ ਵੇਰਵੇ ਮੌਜੂਦ ਹਨ।

# ਸਾਬਕਾ ਮੁੱਖ ਮੰਤਰੀ ਕਮਲਨਾਥ ਨੇ ਵਿਧਾਇਕਾ ਇਮਰਤੀ ਦੇਵੀ ਨੂੰ ‘ਆਈਟਮ’ ਕਿਹਾ



ਭੋਪਾਲ, 19 ਅਕਤੂਬਰ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਵਿੱਚ ਵਿਧਾਨ ਸਭਾ ਦੀਆਂ ਉੱਪ ਚੋਣਾਂ ਦੌਰਾਨ ਬਿਆਨਬਾਜ਼ੀ ਤੇਜ਼ ਹੋ ਗਈ ਅਤੇ ਦੋਸ਼ਾਂ ਦਾ ਦੌਰ ਸ਼ੁਰੂ ਹੋ ਗਿਆ ਹੈ। ਚੋਣ ਭਾਸ਼ਣ ਦੌਰਾਨ ਨੇਤਾਵਾਂ ਦੀ ਜ਼ੁਬਾਨ ਫਿਸਲ ਰਹੀ ਹੈ। ਭਾਸ਼ਣ ਦਿੰਦੇ ਹੋਏ ਆਗੂ ਆਪਣੀ ਇੱਜ਼ਤ ਨੂੰ ਵੀ ਤਿਆਗ ਦਿੰਦੇ ਹਨ।

ਕੱਲ੍ਹ ਮੱਧ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਕਮਲਨਾਥ ਡਬਰਾ ਵਿਧਾਨ ਸਭਾ ਹਲਕੇ ਵਿੱਚ ਇੱਕ ਜਲਸੇ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂਨੇ ਕੈਬਨਿਟ ਮੰਤਰੀ ਇਮਰਤੀ ਦੇਵੀ ਵਿਰੁੱਧ ਅਪਮਾਨ ਜਨਕ ਟਿੱਪਣੀ ਕਰ ਦਿੱਤੀ ਹੈ। ਸੀਨੀਅਰ ਕਾਂਗਰਸ ਨੇਤਾ ਅਤੇ ਸਾਬਕਾ ਮੁੱਖ ਮੰਤਰੀ ਕਮਲਨਾਥ ਨੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਉਮੀਦਵਾਰ ਤੇ ਕੈਬਨਿਟ ਮੰਤਰੀ ਇਮਰਤੀ ਦੇਵੀ ਨੂੰ ‘ਆਈਟਮ’ ਕਿਹਾ ਹੈ। ਵਰਨਣ ਯੋਗ ਹੈ ਕਿ ਇਮਰਤੀ ਦੇਵੀ ਕਾਂਗਰਸ ਪਾਰਟੀ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋ ਗਈ ਹੈ। ਕਮਲਨਾਥ ਨੇ ਇਮਰਤੀ ਦੇਵੀ ਬਾਰੇ ਕਿਹਾ ਕਿ ‘ਤੁਸੀਂ ਉਸ ਨੂੰ ਮੈਥੋਂ ਵੱਧ ਜਾਣਦੇ ਹੋ, ਤੁਹਾਨੂੰ ਮੈਨੂੰ ਅਗੇਤੀ ਚੇਤਾਵਨੀ ਦੇਣੀ ਚਾਹੀਦੀ ਸੀ ਕਿ ਇਹ ਕੀ ‘ਆਈਟਮ’ ਹੈ। ਮੱਧ ਪ੍ਰਦੇਸ਼ ਭਾਜਪਾ ਨੇ ਸਾਬਕਾ ਮੁੱਖ ਮੰਤਰੀ ਅਤੇ ਕਾਂਗਰਸ ਨੇਤਾ ਕਮਲਨਾਥ ਵਿਰੁੱਧ ਚੋਣ ਕਮਿਸ਼ਨ ਨੂੰ ਸ਼ਿਕਾਇਤ ਕੀਤੀ ਹੈ।

# ਸਿਹਤ ਮੰਤਰੀ ਨੇ ਕਬੂਲਿਆ: ਕੋਰੋਨਾ ਭਾਰਤ ਵਿੱਚ ਇਨਫੈਕਸ਼ਨ ਦੀ ਕਮਿਊਨਿਟੀ ਟ੍ਰਾਂਸਮਿਸ਼ਨ ਦੀ ਸਟੇਜ ਉਤੇ ਜਾ ਪੁੱਜੈ

ਨਵੀਂ ਦਿੱਲੀ, 19 ਅਕਤੂਬਰ (ਪੋਸਟ ਬਿਊਰੋ)- ਭਾਰਤ ਦੇ ਕੇਂਦਰੀ ਸਿਹਤ ਮੰਤਰੀ ਹਰਸ਼ਵਰਧਨ ਨੇ ਕੱਲ੍ਹ ਪਹਿਲੀ ਵਾਰ ਮੰਨਿਆ ਹੈ ਕਿ ਕੋਰੋਨਾ ਇਨਫੈਕਸ਼ਨ ਦੇ ਕੇਸ ਭਾਰਤ ਕਮਿਊਨਿਟੀ ਟ੍ਰਾਂਸਮਿਸ਼ਨ ਦੇ ਪੜਾਅ ਵਿੱਚ ਪਹੁੰਚ ਚੁੱਕੇ ਹਨ। ਇਸ ਦੇ ਨਾਲ ਉਨ੍ਹਾਂ ਨੇ ਕਿਹਾ ਕਿ ਇਹ ਸਿਰਫ ਕੁਝ ਜ਼ਿਲਿਆਂ ਤੇ ਸੂਬਿਆਂ ਤੱਕ ਹੀ ਸੀਮਿਤ ਹੈ।



ਸਿਹਤ ਮੰਤਰੀ ਡਾ: ਹਰਸ਼ਵਰਧਨ ਦਾ ਇਹ ਬਿਆਨ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬਨਰਜੀ ਦੇ ਉਸ ਬਿਆਨ ਤੋਂ ਬਾਅਦ ਆਇਆ ਹੈ, ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ ਸੂਬੇ ਵਿੱਚ ਕੋਵਿਡ-19 ਦਾ ਕਮਿਊਨਿਟੀ ਸਪ੍ਰੈਡ ਸ਼ੁਰੂ ਹੋ ਗਿਆ ਹੈ। ਇਸ ਹਫ਼ਤੇ ਦੇ ਸ਼ੁਰੂ ਵਿੱਚ ਮਮਤਾ ਬਨਰਜੀ ਨੇ ਪੱਛਮ ਬੰਗਾਲ ਦੇ ਲੋਕਾਂ ਨੂੰ ਅਗਲੀ ਦੁਰਗਾ ਪੂਜਾ ਦੇ ਮੌਸਮ ਬਾਰੇ ਸਾਵਧਾਨੀ ਰੱਖਣ ਦੀ ਅਪੀਲ ਕੀਤੀ ਸੀ। ਕੱਲ੍ਹ ਕੇਂਦਰੀ ਮੰਤਰੀ ਹਰਸ਼ਵਰਧਨ ਨੇ ਕਿਹਾ ਕਿ ਪੱਛਮੀ ਬੰਗਾਲ ਸਮੇਤ ਵੱਖ-ਵੱਖ ਰਾਜਾਂ ਦੇ ਵੱਖ-ਵੱਖ ਖੇਤਰਾਂ ਵਿੱਚ ਕੋਰੋਨਾ ਵਾਇਰਸ ਕਮਿਊਨਿਟੀ ਟ੍ਰਾਂਸਮਿਸ਼ਨ ਵਿੱਚ ਪਹੁੰਚ ਚੁੱਕਿਆ ਹੈ, ਇਸ ਦਾ ਵਿਸ਼ੇਸ਼ ਰੂਪ ਨਾਲ ਸੰਘਣੇ ਖੇਤਰਾਂ ਵਿੱਚ ਵੱਧ ਪ੍ਰਸਾਰ ਹੋ ਸਕਦਾ ਹੈ, ਪਰ ਇਹ ਸਾਰੇ ਦੇਸ਼ ਵਿੱਚ ਨਹੀਂ ਹੋ ਰਿਹਾ।

ਡਾ. ਹਰਸ਼ਵਰਧਨ ਨੇ ਕੱਲ੍ਹ ਦੱਸਿਆ ਕਿ ਕੋਰੋਨਾ ਵਾਇਰਸ ਉਤੇ ਕਾਬੂ ਪਾਉਣ ਲਈ ਕੇਂਦਰ ਸਰਕਾਰ ਵੱਲੋਂ ਕੋਵਿਡ ਪੈਕੇਜ ਦੀ ਦੂਜੀ ਕਿਸ਼ਤ ਦੇਸ਼ ਦੇ 33 ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਜਾਰੀ ਕੀਤੀ ਗਈ ਹੈ। ਉਨ੍ਹਾ ਨੇ ਦੱਸਿਆ ਕਿ ਮੰਤਰਾਲਾ ਨੇ ਕੋਵਿਡ-19 ਉਤੇ ਕਾਬੂ ਪਾਉਣ ਲਈ ਕੋਵਿਡ ਪੈਕੇਜ ਦੇ ਦੂਜੇ ਪੜਾਅ ਵਿੱਚ ਅੱਜ ਤੱਕ ਕੁਲ 1,352 ਕਰੋੜ ਰੁਪਏ ਦਿੱਤੇ ਹਨ। ਇਹ ਪੈਸੇ ਕਿਸਤਾਂ ਵਿੱਚ ਅਗਸਤ, ਸਤੰਬਰ ਤੇ ਅਕਤੂਬਰ ਵਿੱਚ ਜਾਰੀ ਕੀਤੇ ਹਨ। ਮਹਾਰਾਸ਼ਟਰ ਨੇ ਫੰਡ ਦਾ 42.5 ਫੀਸਦੀ, ਚੰਡੀਗੜ੍ਹ ਨੇ 47.8 ਫੀਸਦੀ ਅਤੇ ਦਿੱਲੀ ਨੇ 75.4 ਫੀਸਦੀ ਰਕਮ ਦੀ ਵਰਤੋਂ ਕੀਤੀ ਸੀ।

# ਚਾਰ ਸਾਲਾਂ ਵਿੱਚ ਭਾਰਤ ਦੇ 100 ਸ਼ਹਿਰਾਂ ਦੀ ਹਵਾ ਸਾਫ ਹੋਣ ਦਾ ਭਰੋਸਾ

ਨਵੀਂ ਦਿੱਲੀ, 19 ਅਕਤੂਬਰ (ਪੋਸਟ ਬਿਊਰੋ)- ਪ੍ਰਦੂਸ਼ਣ ਦੇ ਖਿਲਾਫ ਛਿੜੀ ਜੰਗ ਇਸ ਵਾਰੀ ਦਿੱਲੀ ਐਨ ਸੀ ਆਰ ਤੱਕ ਸੀਮਿਤ ਨਾ ਰਹਿ ਕੇਸਾਰੇ ਦੇਸ਼ ਵਿੱਚ ਚੱਲੇਗੀ। ਕੇਂਦਰੀ ਵਾਤਾਵਰਣ ਮੰਤਰੀ ਪ੍ਰਕਾਸ਼ ਜਾਵਡੇਕਰ ਦੇ ਮੁਤਾਬਕ ਦਿੱਲੀ ਸਮੇਤ 100 ਸ਼ਹਿਰਾਂ ਵਿੱਚ ਪ੍ਰਦੂਸ਼ਣ ਨਾਲ ਨਜਿੱਠਣ ਦੀ ਯੋਜਨਾ ’ਤੇ ਕੰਮ ਚੱਲ ਰਿਹਾ ਹੈ। ਅਗਲੇ ਤਿੰਨ-ਚਾਰ ਸਾਲਾਂ ਵਿੱਚ ਇਸ ਦੇ ਨਤੀਜੇ ਦਿੱਸਣਗੇ। ਇਨ੍ਹਾਂ ਸਾਰੇ ਸ਼ਹਿਰਾਂ ਵਿੱਚ ਹਵਾ ਦੀ ਗੁਣਵੱਤਾ ਦਾ ਸੁਧਾਰ ਹੋਵੇਗਾ। ਉਨ੍ਹਾਂ ਨੇ ਅਗਲੇ ਦੋ ਸਾਲਾਂ ਵਿੱਚ ਪ੍ਰਦੂਸ਼ਣ ਫੈਲਾਉਣ ਵਾਲੇ ਦੇਸ਼ ਦੇ 60 ਤੋਂ 70 ਥਰਮਲ ਪਲਾਂਟਾਂ ਨੂੰ ਬੰਦ ਕਰਨ ਦੀ ਵੀ ਜਾਣਕਾਰੀ ਦਿੱਤੀ ਹੈ।



ਕੇਂਦਰੀ ਮੰਤਰੀ ਜਾਵਡੇਕਰ ਇਹ ਗੱਲ ਦੱਸਣ ਵੇਲੇ ਫੇਸਬੁਕ ਲਾਈਵ ਦੇ ਰਾਹੀਂ ਹਵਾ ਪ੍ਰਦੂਸ਼ਣ ਨਾਲ ਜੁੜੇ ਮੁੱਦੇ ਦੇ ਬਾਰੇ ਲੋਕਾਂ ਨਾਲ ਗੱਲ ਕਰ ਰਹੇ ਸਨ। ਉਨ੍ਹਾਂ ਨੇ ਦੱਸਿਆ ਕਿ ਥਰਮਲ ਪਲਾਂਟਾਂ ਨੂੰ ਲੜੀਵਾਰ ਤਰੀਕੇ ਨਾਲ ਬੰਦ ਕਰਨ ਦਾ ਫੈਸਲਾ ਹੋ ਗਿਆ ਹੈ। ਅਗਲੇ ਦੋ ਸਾਲਾਂ ਵਿੱਚ 60 ਤੋਂ 70 ਪਲਾਂਟ ਬੰਦ ਕੀਤੇ ਜਾਣਗੇ। ਪਿੱਛੇ ਜਿਹੇ ਦਿੱਲੀ ਵਿੱਚ ਬਦਰਪੁਰ ਅਤੇ ਸੋਨੀਪਤ ਦੇ ਥਰਮਲ ਪਲਾਂਟ ਬੰਦ ਕੀਤੇ ਗਏ ਹਨ ਅਤੇ ਹੋਰ ਪਲਾਂਟ ਪ੍ਰਦੂਸ਼ਣ ਰੋਕੂ ਜੰਤਰਾਂ ਨਾਲ ਲੈਸ ਕੀਤੇ ਜਾ ਰਹੇ ਹਨ। ਦੇਸ਼ ਵਿੱਚਪ੍ਰਦੂਸ਼ਣ ਫੈਲਾ ਰਹੇ ਕਰੀਬ 4500 ਉਦਯੋਗਾਂ ਨੂੰ ਵੀ ਇਸ ਤਕਨੀਕ ਨਾਲ ਲੈਸ ਕੀਤਾ ਗਿਆ ਹੈ। ਇਨ੍ਹਾਂ ਦੀਆਂ ਚਿਮਨੀਆਂ ਉਤੇ ਅਜਿਹੇ ਜੰਤਰ ਲਾਏ ਗਏ ਹਨ, ਜਿਨਾਂ ਤੋਂਰੋਜ਼ ਦੇ ਪ੍ਰਦੂਸ਼ਣ ਦੇ ਪੱਧਰ ਦਾ ਸੰਦੇਸ਼ ਆਉਂਦਾ ਅਤੇ ਇਸ ਦੇ ਆਧਾਰ ’ਤੇ ਕਾਰਵਾਈ ਕਰ ਕੇ ਸਥਿਤੀ ਵਿੱਚ ਸੁਧਾਰ ਦੇ ਬਾਅਦ ਖੋਲ੍ਹਣ ਦੀ ਮਨਜ਼ੂਰੀ ਦਿੱਤੀ ਜਾਂਦੀ ਹੈ। ਉਨ੍ਹਾ ਨੇ ਕਿਹਾ ਕਿ ਪ੍ਰਦੂਸ਼ਣ ਦੀ ਸਮੱਸਿਆ ਦਾ ਇੱਕ ਦਿਨ ਵਿੱਚ ਹੱਲ ਨਹੀਂ ਹੋ ਸਕਦਾ, ਇਸ ਨੂੰ ਵਧਾਉਣ ਵਾਲੇ ਸਾਰੇ ਕਾਰਕਾਂ ਦੇ ਨਾਲ ਨਿਪਟਣ ਲਈ ਲਗਾਤਾਰ ਯਤਨ ਜ਼ਰੂਰੀ ਹਨ। ਜਾਵਡੇਕਰ ਨੇ ਕਿਹਾ ਕਿ ਜੋ ਲੋਕ ਭਾਰਤ ’ਤੇ ਪ੍ਰਦੂਸ਼ਣ ਫੈਲਾਉਣ ਦਾ ਦੋਸ਼ ਲਾ ਰਹੇ ਹਨ, ਉਨ੍ਹਾਂ ਨੂੰ ਆਪਣੇ ਸ਼ਹਿਰਾਂ ਵੱਲ ਦੇਖਣਾ ਚਾਹੀਦਾ। ਉਨ੍ਹਾਂ ਨੇ ਕੈਲੀਫੋਰਨੀਆ ਵਿੱਚ ਲੱਗੀ ਅੱਗ ਦਾ ਵੀ ਜ਼ਿਕਰ ਕੀਤਾ ਅਤੇ ਕਿਹਾ ਕਿ ਉਸ ਦੇ ਕਾਰਨ ਪ੍ਰਦੂਸ਼ਣ ਦੀ ਸਥਿਤੀ ਗੰਭੀਰ ਹੈ।

ਕੇਂਦਰੀ ਮੰਤਰੀ ਪ੍ਰਕਾਸ਼ ਜਾਵਡੇਕਰ ਨੇ ਕਿਹਾ ਕਿ ਦਿੱਲੀ ਅਤੇ ਐਨ ਸੀ ਆਰ ਵਿੱਚ ਪ੍ਰਦੂਸ਼ਣ ਦੇ ਕਈ ਕਾਰਨ ਹਨ। ਇਨ੍ਹਾਂ ਵਿੱਚ ਪਰਾਲੀ ਸਾੜਨਾ ਅਹਿਮ ਹੈ। ਇਹ ਸਮੱਸਿਆ ਸਿਰਫ ਚਾਲੀ ਦਿਨ ਰਹਿੰਦੀ ਹੈ। ਬਾਕੀ ਦਿਨਾਂ ਵਿੱਚ ਪ੍ਰਦੂਸ਼ਣ ਫੈਲਾਉਣ ਦੇ ਅੰਦਰੂਨੀ ਕਾਰਨ ਹਨ, ਜਿਨ੍ਹਾਂ ਨੂੰ ਰੋਕਣਾ ਚਾਹੀਦਾ ਹੈ।

# ਸੁਪਰੀਮ ਕੋਰਟ ਦੇ ਜੱਜ ਨੇ ਹੇਠਲੇ ਜੱਜਾਂ ਨੂੰ ਫੈਸਲੇ ਕਰਨ ਦੇ ਲਈ ਨਿਡਰ ਬਣਨ ਨੂੰ ਕਿਹਾ

ਨਵੀਂ ਦਿੱਲੀ, 19 ਅਕਤੂਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਦੇ ਸੀਨੀਅਰ ਜੱਜ ਜਸਟਿਸ ਐਨ ਵੀ ਰਾਮੰਨਾ ਨੇ ਕਿਹਾ ਹੈ ਕਿ ਨਿਆਂ ਪਾਲਿਕਾ ਦੀ ਸਭ ਤੋਂ ਵੱਡੀ ਤਾਕਤ ਇਸ ਵਿੱਚ ਲੋਕਾਂ ਦਾ ਵਿਸ਼ਵਾਸ ਹੈ। ਉਨ੍ਹਾਂ ਕਿਹਾ ਕਿ ਜੱਜਾਂ ਵਿੱਚ ਆਪਣੇ ਸਿਧਾਂਤਾਂ ਉੱਤੇ ਕਾਇਮ ਰਹਿਣ ਦੀ ਦ੍ਰਿੜ੍ਹਤਾ ਹੋਣੀ ਚਾਹੀਦੀ ਹੈ ਤੇ ਉਨ੍ਹਾਂ ਨੂੰ ਦਬਾਅ ਦਾ ਸਾਹਮਣਾ ਕਰਦੇ ਹੋਏ ਵੀ ਫੈਸਲਾ ਲੈਣ ਵਿੱਚ ਨਿਡਰ ਹੋਣਾ ਚਾਹੀਦਾ ਹੈ। ਇਸ ਗੱਲ ਨੂੰ ਕਾਫੀ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ।

ਵਰਨਣ ਯੋਗ ਹੈ ਕਿ ਪਿੱਛੇ ਜਿਹੇ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਵਾਈ ਐਸ ਜਗਨਮੋਹਨ ਰੈਡੀ ਨੇ ਭਾਰਤ ਦੇ ਮੁੱਖ ਜੱਜ ਜਸਟਿਸ ਐਸ ਏ ਬੋਬਡੇ ਨੂੰ ਪੱਤਰ ਲਿਖ ਕੇ ਸੁਪਰੀਮ ਕੋਰਟ ਦੇ ਇੱਕ ਜੱਜ ਦੇ ਖਿਲਾਫ ਦੋਸ਼ ਲਾਏ ਗਏ ਸਨ। ਇਨ੍ਹਾਂ ਦੋਸ਼ਾਂਦੇ ਪਿੱਛੋਕੜ ਵਿੱਚ ਜਸਟਿਸ ਰਾਮੰਨਾ ਦੀ ਟਿੱਪਣੀ ਨੂੰ ਮਹੱਤਵ ਪੂਰਨ ਮੰਨਿਆ ਜਾ ਰਿਹਾ ਹੈ। ਜਗਨ ਮੋਹਨ ਦੇ ਪੱਤਰ ’ਤੇ ਵਿਵਾਦ ਹੋਣ ਪਿੱਛੋਂ ਕਿਸੇ ਜਨਤਕ ਪ੍ਰੋਗਰਾਮ ਵਿੱਚ ਉਨ੍ਹਾਂ ਦੀ ਇਹ ਪਹਿਲੀ ਟਿੱਪਣੀ ਹੈ। ਸੁਪਰੀਮ ਕੋਰਟ ਦੇ ਸਾਬਕਾ ਜੱਜ ਜਸਟਿਸ ਏ ਆਰ ਲਕਸ਼ਮਣ ਦੀ ਸ਼ੋਕ ਸਭਾ ਨੂੰ ਸੰਬੋਧਨ ਕਰਦੇ ਹੋਏ ਜਸਟਿਸ ਰਾਮੰਨਾ ਨੇ ਕਿਹਾ ਕਿ ਨਿਆਂ ਪਾਲਿਕਾ ਦੀ ਸਭ ਤੋਂ ਵੱਡੀ ਤਾਕਤ ਲੋਕਾਂ ਦਾ ਇਸ ਵਿੱਚ ਵਿਸ਼ਵਾਸ ਹੈ। ਜਸਟਿਸ ਰਾਮੰਨਾ ਨੇ ਕਿਹਾ ਕਿ ਇੱਕ ਚੰਗੀ ਜ਼ਿੰਦਗੀ ਲਈ ਕਿਸੇ ਵਿਅਕਤੀ ਨੂੰ ਕਈ ਗੁਣਾ ਨਿਮਰਤਾ, ਹੌਸਲਾ, ਦਿਆਲਤਾ, ਸਿੱਖਣ ਦਾ ਉਤਸ਼ਾਹ ਅਤੇ ਖੁਦ ਨੂੰ ਬਿਹਤਰ ਬਣਾਉਣ ਦੀ ਲੋੜ ਪੈਂਦੀ ਹੈ। ਖਾਸ ਕਰ ਕੇ ਜੱਜਾਂ ਲਈ ਆਪਣੇ ਸਿਧਾਂਤਾਂ ਉਤੇ ਕਾਇਮ ਰਹਿਣਾ ਅਤੇ ਫੈਸਲਾ ਲੈਣ ਵਿੱਚ ਨਿਡਰ ਹੋਣਾ ਅਹਿਮ ਹੈ। ਕਿਸੇ ਜੱਜ ਦਾ ਇਹ ਮਹੱਤਵ ਪੂਰਨ ਗੁਣ ਹੈ ਤਾਂ ਕਿ ਉਹ ਹਰ ਤਰ੍ਹਾਂ ਦੇ ਦਬਾਅ ਦਾ ਸਾਹਮਣਾ ਕਰ ਸਕੇ ਅਤੇ ਸਾਰੀਆਂ ਰੁਕਾਵਟਾਂ ਦਾ ਬਹਾਦਰੀ ਨਾਲ ਮੁਕਾਬਲਾ ਕਰ ਸਕੇ।

# ਥਰੂਰ ਦੀਆਂ ਟਿੱਪਣੀਆਂ ਪਿੱਛੋਂ ਭਾਜਪਾ ਤੇ ਕਾਂਗਰਸ ਵਿਚਾਲੇ ਪਾਕਿ ਦੇ ਮੁੱਦੇ ਤੋਂ ਸ਼ਬਦੀ ਜੰਗ

ਨਵੀਂ ਦਿੱਲੀ, 19 ਅਕਤੂਬਰ (ਪੋਸਟ ਬਿਊਰੋ)- ਕਾਂਗਰਸ ਪਾਰਟੀ ਦੇ ਪਾਰਲੀਮੈਂਟ ਮੈਂਬਰ ਸ਼ਸ਼ੀ ਥਰੂਰ ਵੱਲੋਂ ਲਾਹੌਰ ਦੇ ਸਮਾਗਮ ਦੌਰਾਨ ਕੀਤੀਆਂ ਟਿੱਪਣੀਆ ਨਾਲ ਭਾਜਪਾ ਤੇ ਕਾਂਗਰਸ ਵਿਚਾਲੇ ਸ਼ਬਦੀ ਜੰਗ ਛਿੜ ਗਈ ਹੈ। ਸੱਤਾਧਾਰੀ ਭਾਰਤੀ ਜਨਤਾ ਪਾਰਟੀ ਨੇ ਥਰੂਰ ਉਤੇ ਭਾਰਤ ਦਾ ‘ਆਦਰ-ਮਾਣ ਅਤੇ ਸਾਖ਼’ ਘਟਾਉਣ ਦਾ ਦੋਸ਼ ਲਾ ਕੇ ਭਾਜਪਾ ਨੇ ਹੈਰਾਨੀ ਪ੍ਰਗਟ ਕਰਦੇ ਹੋਏ ਕਿਹਾ ਕਿ ਕਿਤੇ ਰਾਹੁਲ ਗਾਂਧੀ ਪਾਕਿ-ਸਤਾਨ ਵਿੱਚ ਚੋਣ ਲੜਨ ਦੇ ਇੱਛੁਕ ਤਾਂ ਨਹੀਂ। ਦੂਸਰੇ ਪਾਸੇ ਕਾਂਗਰਸ ਪਾਰਟੀ ਨੇ ਜਵਾਬ ਦਿੰਦਿਆਂ ਕਿਹਾ ਕਿ ਭਾਜਪਾ ਨੇ ਤੱਤਾਂ ਤੇ ਤੱਥਾਂ ਦਾ ਹਮੇਸ਼ਾਂ ‘ਜੁਮਲੇਬਾਜ਼ੀ’ ਨਾਲ ਜਵਾਬ ਦਿੱਤਾ ਹੈ। ਵਰਨਣ ਯੋਗ ਹੈ ਕਿ ਸ਼ਸ਼ੀ ਥਰੂਰ ਨੇ ਪਿਛਲੇ ਦਿਨੀਂ ਲਾਹੌਰ ਥਿੰਕ ਫੈਸਟ ਵਿੱਚ ਵਰਚੁਅਲ ਹਾਜ਼ਰੀ ਲਾਉਂਦਿਆਂ ਜਿੱਥੇ ਕੋਰੋਨਾ ਵਾਰਿਸ ਨਾਲ ਨਜਿੱਠਣ ਦੇ ਮੋਦੀ ਸਰਕਾਰ ਦੇ ਢੰਗਾਂ ਦੀ ਨੁਕਤਾਚੀਨੀ ਕੀਤੀ, ਉਥੇ ਮਹਾਮਾਰੀ ਦੇ ਦੌਰਾਨ ਮੁਸਲਮਾਨਾਂ ਦੇ ਖਿਲਾਫ ‘ਹੱਠ ਧਰਮੀ ਤੇ ਪੱਖਪਾਤ’ ਬਾਰੇ ਵੀ ਬੋਲਿਆ ਸੀ। ਭਾਜਪਾ ਦੇ ਬੁਲਾਰੇ ਸੰਬਿਤ ਪਾਤਰਾ ਨੇ ਪੱਤਰਕਾਰਾਂ ਨੂੰ ਕਿਹਾ ਕਿ ਇਹ ਗੱਲ ਮੰਨਣ ਵਿੱਚ ਨਹੀਂ ਆਉਂਦੀ ਕਿ ਥਰੂਰ ਵਰਗਾ ਸੀਨੀਅਰ ਆਗੂ ਅਤੇ ਪਾਰਲੀਮੈਂਟਦਾ ਮੈਂਬਰ ਪਾਕਿਸਤਾਨੀ ਮੰਚ ਤੋਂ ਭਾਰਤ ਦੇ ਖਿਲਾਫ ਅਜਿਹੀਆਂ ਟਿੱਪਣੀਆਂ ਕਰ ਸਕਦਾ ਹੈ।



# ਫਰਾਂਸ ਵਿੱਚ ਟੀਚਰ ਦੇ ਕਤਲ ਪਿੱਛੋਂ ਮੁਸਲਮਾਨ ਜੱਥੇਬੰਦੀਆਂ ਦੇ ਅੱਡਿਆਂ ਉੱਤੇ ਛਾਪੇ

*** ਕਈ ਲੋਕਾਂ ਨੂੰ ਹਿਰਾਸਤ ਵਿੱਚ ਲੈ ਕੇ ਪੁੱਛਗਿੱਛ**

ਪੈਰਿਸ, 19 ਅਕਤੂਬਰ, (ਪੋਸਟ ਬਿਊਰੋ)-ਫਰਾਂਸ ਵਿੱਚ ਬੀਤੇ ਦਿਨੀਂ ਇੱਕ ਟੀਚਰ ਦਾ ਦਿਨ ਦਿਹਾੜੇ ਕਤਲ ਕੀਤੇ ਜਾਣਤੋਂ ਬਾਅਦ ਪੁਲਿਸ ਨੇ ਅੱਜ ਸੋਮਵਾਰ ਨੂੰ ਇਸਲਾਮਿਕ ਸੰਗਠਨਾਂ ਦੇ ਖ਼ਿਲਾਫ਼ ਵੱਡੇ ਪੱਧਰਦੀ ਮੁਹਿੰਮ ਛੇੜੀ ਤੇ ਕਈ ਥਾਵਾਂ ਉੱਤੇ ਛਾਪੇਮਾਰ ਕੇ ਸ਼ੱਕੀ ਵਿਦੇਸ਼ੀਆਂ ਨੂੰ ਹਿਰਾਸਤ ਵਿੱਚਲਿਆ ਹੈ, ਜਿਨ੍ਹਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

ਵਰਨਣ ਯੋਗ ਹੈ ਕਿ ਬੀਤੇ ਸ਼ੁੱਕਰਵਾਰ ਚੇਚੇਨ ਮੂਲ ਦੇ ਇੱਕ ਕੱਟੜਪੰਥੀ ਮੁਸਲਮਾਨ ਨੇ ਇੱਕ ਸਕੂਲ ਟੀਚਰ ਦਾ ਇਸ ਲਈ ਕਤਲ ਕਰ ਦਿਤਾ ਸੀ ਕਿ ਉਸ ਨੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਬਾਰੇ ਪੜ੍ਹਾਉਂਦੇ ਵਕਤ ਅਖਬਾਰ ਵਿੱਚ ਛਪਿਆ ਪੈਗੰਬਰ ਮੁਹੰਮਦ ਦਾ ਇੱਕ ਸਕੈੱਚ ਵਿਦਿਆਰਥੀਆਂ ਨੂੰ ਵਿਖਾਇਆ ਸੀ। ਇਸ ਦੇ ਕੁਝ ਦੇਰ ਬਾਅਦ ਪੁਲਿਸ ਨੇ ਉਸ ਨੌਜਵਾਨ ਨੂੰ ਵੀ ਮਾਰ ਦਿੱਤਾ ਸੀ। ਇਸ ਘਟਨਾ ਨਾਲ ਸਮਾਜ ਵਿੱਚ ਸਨਸਨੀ ਫੈਲ ਗਈ ਸੀ।

ਰਾਸ਼ਟਰਪਤੀ ਮੈਕਰਾਂ ਨੇ ਇਸ ਦੇ ਬਾਅਦ ਸਖਤ ਕਾਰਵਾਈ ਦੇ ਸੰਕੇਤ ਦਿੱਤੇ ਤਾਂ ਪੁਲਸ ਪੁਲਿਸ ਨੇ ਅੱਜ ਸੋਮਵਾਰ ਉਨ੍ਹਾਂ ਦੇ ਕੱਟੜਪੰਥੀ ਮੁਸਲਿਮ ਸੰਗਠਨਾਂ ਦੇ ਖਿਲਾਫ ਛਾਪੇਮਾਰੇ ਹਨ। ਗ੍ਰਹਿ ਮੰਤਰੀ ਜੇਰ-ਾਲਡ ਡੇਰਮੇਨਿਨ ਨੇ ਕਿਹਾ ਕਿ ਸੋਸ਼ਲ ਮੀਡੀਆ ਉੱਤੇ ਨਫ਼ਰਤ ਵਾਲੇ ਪੋਸਟ ਪਾਉਣ ਵਾਲੇ 50 ਸੰਗਠਨਾਂ ਦੇ ਲੋਕ ਸਰਕਾਰ ਦੇ ਨਿਸ਼ਾਨੇ ਉੱਤੇ ਹਨ ਅਤੇ ਇਨ੍ਹਾਂ ਦੇ ਆਨਲਾਈਨ ਪੋਸਟਾਂ ਨਾਲ ਸਬੰਧਤ 80 ਕੇਸਾਂ ਦੀ ਜਾਂਚ ਚੱਲ ਰਹੀ ਹੈ। ਜਾਣਕਾਰ ਸੂਤਰਾਂ ਦੇ



ਮੁਤਾਬਕ ਫਰਾਂਸ ਸਰਕਾਰ ਇਸ ਵਕਤ ਕੱਟੜਪੰਥੀ ਵਿਚਾਰਧਾਰਾ ਦੇ 213 ਵਿਦੇਸ਼ੀ ਲੋਕਾਂ ਨੂੰ ਵਾਪਸ ਉਨ੍ਹਾਂ ਦੇ ਦੇਸ਼ ਭੇਜਣ ਦੀ ਤਿਆਰੀ ਵੀ ਕਰ ਰਹੀ ਹੈ, ਜਿਨ੍ਹਾਂ ਵਿੱਚੋਂ 150 ਜਣੇ ਜੇਲ੍ਹ ਵਿੱਚ ਹਨ।

ਕਤਲ ਕੀਤੇ ਗਏ ਟੀਚਰ ਪੈਟੀ ਦੇ ਕੇਸ ਵਿੱਚ 11 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਤੇ ਪੁਲਿਸ ਦੀ ਨਜ਼ਰ ਹੇਠ ਉਹ ਲੋਕ ਵੀ ਹਨ, ਜਿਨ੍ਹਾਂ ਨੇ ਪੈਟੀ ਦੇਖ਼ਿਲਾਫ਼ ਸੋਸ਼ਲ ਮੀਡੀਆ ਉੱਤੇ ਮੁਹਿੰਮ ਚਲਾਈ ਸੀ ਅਤੇ ਪੈਟੀ ਵੱਲੋਂ ਪ੍ਰਗਟਾਵੇ ਦੀ ਆਜ਼ਾਦੀ ਦੀ ਪੜ੍ਹਾਈ ਕਰਾਉਂਦੇ ਵਕਤ ਪੈਗੰਬਰ ਮੁਹੰਮਦ ਦਾ ਸਕੈੱਚ ਦਿਖਾਏ ਜਾਣ ਨੂੰ ਗ਼ਲਤ ਮੰਨਿਆ ਸੀ।

ਅਦਾਲਤੀ ਸੂਤਰਾਂ ਮੁਤਾਬਕ ਮੋਰੱਕੋ ਵਿੱਚ ਪੈਦਾ ਹੋਇਆ ਅਬਦੇਲ ਹਾਕਿਮ ਸੇਫਰਊ ਨਾਂ ਦਾ ਆਦਮੀ ਕਈ ਸਾਲਾਂ ਤੋਂ ਸੋਸ਼ਲ ਮੀਡੀਆ ਉੱਤੇ ਮੁਸਲਾਮਾਨਾਂ ਦੇ ਪੱਖ ਦੀ ਮੁਹਿੰਮ ਚਲਾ ਕੇ ਫਰਾਂਸ ਸਰਕਾਰ ਉੱਤੇ ਦਬਾਅ ਬਣਾ ਰਿਹਾ ਹੈ। ਸਾਲ 2011 ਵਿੱਚ ਪੈਰਿਸ ਦੇ ਨੇੜੇ ਸੇਂਟ ਓਯੂਨ ਕਸਬੇ ਵਿੱਚ ਇਕ ਹਾਈ ਸਕੂਲ ਵੱਲੋਂ ਮੁਸਲਿਮ ਕੁੜੀਆਂ ਲਈ ਪਹਿਰਾਵੇ ਉੱਤੇ ਰੋਕ ਲਾਉਣਵੇਲੇ ਆਬਦੇਲ ਨੇ ਉਸ ਦੇ ਖ਼ਿਲਾਫ਼ਮੁਹਿੰਮ ਛੇੜੀ ਸੀ, ਜਿਸ ਤੋਂ ਬਾਅਦਉਸ ਸਕੂਲ ਨੂੰ ਫ਼ੈਸਲਾ ਵਾਪਸ ਲੈਣਾ ਪਿਆ ਸੀ। ਆਬਦੇਲ ਪਿਛਲੇ 15 ਸਾਲਾਂ ਤੋਂ ਫਰਾਂਸੀਸੀ ਖ਼ੁਫ਼ੀਆ ਏਜੰਸੀਆਂ ਦੀ ਨਿਗਰਾਨੀ ਸੂਚੀ ਵਿੱਚ ਹੈ। ਇਸ ਵਾਰ ਉਸ ਉੱਤੇ ਵੀ ਕਾਰਵਾਈ ਕੀਤੀ ਜਾਣ ਦੀ ਸੰਭਾਵਨਾ ਹੈ।

# ਥਾਈਲੈਂਡ ਵਿੱਚ ਸਰਕਾਰ ਵਿਰੋਧੀ ਮੁਜ਼ਾਹਰੇ ਵਧਣ ਕਾਰਨ ਬੈਂਕਾਕ ਵਿੱਚ ਐਮਰਜੈਂਸੀ ਲਾਗੂ

ਬੈਂਕਾਕ, 19 ਅਕਤੂਬਰ, (ਪੋਸਟ ਬਿਊਰੋ)-ਥਾਈਲੈਂਡ ਦੀ ਰਾਜਧਾਨੀ ਬੈਂਕਾਕ ਤੋਂ ਸ਼ੁਰੂ ਹੋਇਆ ਸਰਕਾਰ ਦੇ ਵਿਰੋਧ ਦੇ ਪ੍ਰਦਰਸ਼ਨਾਂ ਦਾ ਸਿਲਸਿਲਾਅੱਜ ਥਾਈਲੈਂਡ ਦੇ ਹੋਰ ਹਿੱਸਿਆਂ ਵਿੱਚ ਫੈਲ ਗਿਆ ਹੈ। ਛੇ ਦਿਨਾਂ ਤੋਂ ਸੜਕ ਉੱਤੇਆਏ ਹੋਏ ਨੌਜਵਾਨਾਂ ਦੀ ਅਗਵਾਈ ਵਿਦਿਆਰਥੀ ਆਗੂ ਕਰ ਰਹੇ ਹਨ ਅਤੇ ਪ੍ਰਸ਼ਾਸਨ ਦੀਆਂ ਸਭ ਕੋਸ਼ਿਸ਼ਾਂ ਦੇ ਬਾਵਜੂਦ ਇਹ ਕਾਬੂ ਵਿੱਚਨਹੀਂ ਆ ਰਹੇ। ਤੇਜ਼ੀ ਨਾਲ ਵਿਗੜਦੇ ਹਾਲਾਤ ਕਾਰਨ ਪਾਰਲੀਮੈਂਟ ਦਾ ਐਮਰਜੈਂਸੀ ਸੈਸ਼ਨ ਬੁਲਾਉਣ ਦਾ ਫ਼ੈਸਲਾ ਵੀ ਕੀਤਾ ਗਿਆ ਹੈ, ਜਿਸ ਵਿਚ ਇਸ ਦੇਸ਼ ਵਿੱਚ ਪੈਦਾ ਹੋਈ ਸਥਿਤੀ ਉੱਤੇ ਵਿਚਾਰ ਕੀਤਾ ਜਾਵੇਗਾ। ਇਸ ਦੌਰਾਨ ਮੁਜ਼ਾਹਰਿਆਂ ਨੂੰ ਕਾਬੂ ਵਿੱਚ ਕਰਨ ਲਈ ਪ੍ਰਸ਼ਾਸਨ ਨੇ ਮੀਡੀਆ ਨੂੰ ਸੈਂਸਰ ਕਰਨ ਦਾ ਫ਼ੈਸਲਾ ਕੀਤਾ ਤੇ ਕਿਹਾ ਹੈ ਕਿ ਪ੍ਰਦਰਸ਼ਨਾਂ ਨਾਲ



ਜੁੜੀਆਂ ਖ਼ਬਰਾਂ ਨੂੰ ਸੀਮਤ ਥਾਂ ਦਿੱਤਾ ਜਾਵੇ। ਇਸ ਕਾਰਨ ਸੋਮਵਾਰ ਨੂੰ ਕਈ ਮੀਡੀਆ ਅਦਾਰਿਆਂ ਉੱਤੇ ਛਾਪੇ ਮਾਰੇ ਗਏ ਅਤੇ ਟੈਲੀਗ੍ਰਾਮ ਮੈਸੇਜਿੰਗ ਐਪ ਨੂੰ ਬਲਾਕ ਕਰਨ ਦੀ ਕੋਸ਼ਿਸ਼ ਹੋਈ ਹੈ। ਇਸ ਐਪ ਦੀ ਸਭ ਤੋਂਵੱਧ ਵਰਤੋਂਮੁਜ਼ਾਹਰਾਕਾਰੀ ਆਪਣੇ ਮੈਸੇਜ ਭੇਜਣ ਲਈ ਕਰਦੇ ਹਨ। ਮੁਜ਼ਾਹਰਾਕਾਰੀਆਂ ਨੂੰ ਰੋਕਣ ਦੇ ਯਤਨਹੇਠ ਅੱਜ ਰਾਜਧਾਨੀ ਬੈਂਕਾਕ ਵਿੱਚ ਐਮਰਜੈਂਸੀ ਲਾਗੂ ਕਰ ਦਿੱਤੀ ਗਈ ਹੈ। ਇਸ ਨਾਲ ਚਾਰ ਤੋਂਵੱਧ ਲੋਕਾਂ ਦੇ ਇਕੱਠੇ ਹੋਣ ਉੱਤੇ ਪਾਬੰਦੀ ਲਾ ਦਿੱਤੀ ਗਈ ਤੇ ਪ੍ਰਸ਼ਾਸਨ ਨੂੰ ਪ੍ਰਦਰਸ਼ਨਕਾਰੀਆਂ ਖ਼ਿਲਾਫ਼ ਕੋਈ ਕਾਰਵਾਈ ਕਰਨ ਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਦੇ ਵਿਆਪਕ ਅਧਿਕਾਰ ਵੀ ਮਿਲ ਗਏ ਹਨ।




# ਸਿਡਨੀ ਦੇ ਨਵੇਂ ਕੌਮਾਂਤਰੀ ਹਵਾਈ ਅੱਡੇ ਵਾਸਤੇ ਜ਼ਮੀਨੀ ਸੌਦੇ ਦੀ ਜਾਂਚ ਸ਼ੁਰੂ

*** ਤਿੰਨ ਮਿਲੀਅਨ ਦੀ ਜ਼ਮੀਨ ਤੀਹ ਮਿਲੀਅਨ ਵਿੱਚ ਖਰੀਦਣ ਦਾ ਦੋਸ਼**



ਸਿਡਨੀ, 19 ਅਕਤੂਬਰ (ਪੋਸਟ ਬਿਊਰੋ)- ਆਸਟਰੇਲੀਆ ਦੀ ਹਾਕਮ ਲਿਬਰਲ ਪਾਰਟੀ ਦੀਆਂ ਮੁਸ਼ਕਲਾਂ ਵਧ ਰਹੀਆਂ ਹਨ। ਓਥੋਂ ਦੀ ਫੈਡਰਲ ਪੁਲਸ ਨੇ ਨਿਊ ਸਾਊਥ ਵੇਲਜ਼ ਦੇ ਪੱਛਮੀ ਸਿਡਨੀ ਖੇਤਰ ਵਿੱਚ ਨਵੇਂ ਬਣ ਰਹੇ ਕੌਮਾਂਤਰੀ ਹਵਾਈ ਅੱਡੇ ਲਈ ਜ਼ਮੀਨੀ ਸੌਦੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਸ ਨੇ ਇਸ ਨੂੰ ਅਪਰਾਧ ਦਾ ਮਾਮਲਾ ਮੰਨਦੀ ਹੈ।

ਵਰਨਣ ਯੋਗ ਹੈ ਕਿ ਕੁਝ ਜ਼ਮੀਨ ਮਾਲਕਾਂ ਨੇ ਸ਼ਿਕਾਇਤ ਕੀਤੀ ਸੀ ਕਿ ਉਨ੍ਹਾਂ ਦੀ ਜ਼ਮੀਨੇ ਸਸਤੇ ਭਾਅ ਮਿਲਦੀ ਸੀ, ਪਰ ਇੱਕ ਅਰਬਪਤੀ ਕਾਰੋਬਾਰੀ, ਜਿਹੜਾ ਸਿਆਸਤਦਾਨਾਂ ਨੂੰ ਫੰਡ ਦਿੰਦਾ ਹੈ, ਦੀ ਜ਼ਮੀਨ ਮਹਿੰਗੇ ਭਾਅ ਖਰੀਦੀ ਗਈ। ਆਸਟਰੇਲੀਅਨ ਨੈਸ਼ਨਲ ਆਡਿਟ ਦਫਤਰ ਦੀ ਰਿਪੋਰਟ ਮੁਤਾਬਕ ਫੈਡਰਲ ਸਰਕਾਰ ਨੇ ਜ਼ਮੀਨ ਦੇ ਅਸਲ ਮੁੱਲ ਨਾਲੋਂ 10 ਗੁਣਾ ਵੱਧ ਮੁੱਲ ’ਤੇ ਜ਼ਮੀਨ ਖਰੀਦੀ ਹੈ। ਜਿਹੜੀ ਜ਼ਮੀਨ ਦੀ ਕੀਮਤ ਤਿੰਨ ਮਿਲੀਅਨ ਡਾਲਰ ਸੀ, ਉਹ ਤੀਹ ਮਿਲੀਅਨ ਡਾਲਰ ਵਿੱਚ ਖਰੀਦੀ ਗਈ ਹੈ। ਸੱਤਾਧਾਰੀ ਲਿਬਰਲ ਪਾਰਟੀ ਦੇ ਰਾਜਸੀ ਵਿਅਕਤੀ ਤੇ ਅਧਿਕਾਰੀ ਇਸ ਜਾਂਚ ਦੇ ਘੇਰੇ ਵਿੱਚ ਹਨ ਅਤੇ ਇਹ ਬਾਅਦ ਵਿੱਚ ਇੱਕ ਵੱਡਾ ਮਾਮਲਾ ਵੀ ਹੋ ਸਕਦਾ ਹੈ।

ਜ਼ਮੀਨ ਤੋਂ ਇਲਾਵਾ ਇੱਕ ਹੋਰ ਵੱਖਰੇ ਮਾਮਲੇ ਵਿੱਚ ਭ੍ਰਿਸ਼ਟਾਚਾਰ ਹੋਣ ਵਿਰੁੱਧ ਬਣੇ ਆਜ਼ਾਦ ਕਮਿਸ਼ਨ ਨੇ ਵੀ ਨਿਊ ਸਾਊਥ ਵੇਲਜ਼ ਰਾਜ ਦੀ ਪ੍ਰੀਮੀਅਰ ਗਲਾਡਿਸ ਬੇਰੇਜਿਕਿਲਿਅਨ ਤੋਂ ਪੁੱਛਗਿੱਛ ਸ਼ੁਰੂ ਕਰ ਦਿੱਤੀ ਹੈ। ਪ੍ਰੀਮੀਅਰ ਅਤੇ ਲਿਬਰਲ ਪਾਰਟੀ ਦੇ ਸਾਬਕਾ ਪਾਰਲੀਮੈਂਟ ਮੈਂਬਰ ਡੈਰਲ ਵਿਚਾਲੇ ਨੇੜਲੇ ਸੰਬੰਧਾਂ ਵਿੱਚ ਅਹੁਦੇ ਦੀ ਦੁਰਵਰਤੋਂ ਦੇ ਦੋਸ਼ ਦੀ ਵੀ ਪੁਣਛਾਣ ਹੋ ਰਹੀ ਹੈ। ਡੈਰਲ ਨੂੰ ਭ੍ਰਿਸ਼ਟਾਚਾਰ ਦੇ ਦੋਸ਼ਾਂ ਕਾਰਨ ਆਪਣੇ ਅਹੁਦੇ ਤੋਂ ਅਸਤੀਫਾ ਦੇਣਾ ਪਿਆ ਸੀ।

ਵਿਰੋਧੀ ਧਿਰ ਲੇਬਰ ਪਾਰਟੀ ਦੇ ਬੁਨਿਆਦੀ ਢਾਂਚੇ ਬਾਰੇ ਸ਼ੈਡੋ ਮੰਤਰੀ ਕੈਥਰੀਨ ਕਿੰਗ ਨੇ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਨ ’ਤੇ ਜ਼ੋਰ ਦਿੱਤਾ ਹੈ।

# ਆਨਲਾਈਨ ਕਲਾਸ ਵਿੱਚ ਬੱਚੀ ਦੀ ਦਾਦੀ ਨੂੰ ਦੌਰਾ ਪਿਆ, ਟੀਚਰ ਨੇ ਜਾਨ ਬਚਾਈ



ਮਿਸ਼ੀਗਨ (ਅਮਰੀਕਾ), 19 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਵਿੱਚ ਪਹਿਲੀ ਕਲਾਸ ਦੀ ਇੱਕ ਟੀਚਰ ਦੀ ਸੂਝ-ਬੂਝ ਦੀ ਤਾਰੀਫ ਹੋ ਰਹੀ ਹੈ। ਜੂਲੀਆ ਕੂਚ ਨਾਂਅ ਦੀ ਇਸ ਟੀਚਰ ਨੇ ਆਨਲਾਈਨ ਕਲਾਸ ਦੌਰਾਨ ਫੋਨ ਉੱਤੇ ਇੱਕ ਵਿਦਿਆਰਥਣ ਦੀ ਦਾਦੀ ਨਾਲ ਗੱਲ ਕਰਦੇ ਹੋਏ ਭਾਂਪ ਲਿਆ ਕਿ ਉਨ੍ਹਾਂ ਨੂੰ ਦੌਰਾ ਪਿਆ ਹੈ। ਉਨ੍ਹਾਂ ਨੇ ਪ੍ਰਿੰਸੀਪਲ ਨੂੰ ਫੋਨ ਕੀਤਾ ਅਤੇ ਐਂਬੂਲੈਂਸ ਦੀ ਵਿਵਸਥਾ ਕਰਵਾ ਕੇ ਵਿਦਿਆਰਥਣ ਦੇ ਘਰ ਪਹੁੰਚੀ। ਦਾਦੀ ਨੂੰ ਤੁਰੰਤ ਹਸਪਤਾਲ ਪਹੁੰਚਾਇਆ ਗਿਆ ਅਤੇ ਵੇਲੇ ਸਿਰ ਮਿਲੇ ਇਲਾਜ ਕਾਰਨ ਉਨ੍ਹਾਂ ਦੀ ਜਾਨ ਬਚ ਗਈ।

ਇਹ ਘਟਨਾ 22 ਸਤੰਬਰ ਨੂੰ ਹੋਈ ਹੈ। ਜੂਲੀਆ ਕੂਚ ਐਜਵੁਡ ਐਲੀਮੈਂਟਰੀ ਸਕੂਲ ਦੀ ਪਹਿਲੀ ਦੀ ਵਰੁਚਅਲ ਕਲਾਸ ਵਿੱਚ ਪੜ੍ਹਾ ਰਹੀ ਸੀ। ਉਹ ਦੱਸਦੀ ਹੈ, ‘ਇਸੇ ਮੌਕੇ ਇੱਕ ਬੱਚੀ ਦੀ ਦਾਦੀ ਸਿੰਥੀਆ ਫਿਲਿਪਸ ਦਾ ਫੋਨ ਆਇਆ। ਉਨ੍ਹਾਂ ਨੂੰ ਬੱਚੀ ਦੇ ਸਕੂਲ ਟੈਬਲੇਟ ਨੂੰ ਚਾਰਜ ਕਰਨ ਵਿੱਚ ਪ੍ਰੇਸ਼ਾਨੀ ਹੋ ਰਹੀ ਸੀ। ਸਿੰਥੀਆ ਨਾਲ ਗੱਲ ਕਰਦਿਆਂ ਜੂਲੀਆ ਨੇ ਮਹਿਸੂਸ ਕੀਤਾ ਕਿ ਉਨ੍ਹਾਂ ਦੀ ਆਵਾਜ਼ ਅਸਪੱਸ਼ਟ ਹੋ ਰਹੀ ਹੈ। ਉਨ੍ਹਾਂ ਨੂੰ ਸਮਝ ਨਹੀਂ ਆਇਆ ਕਿ ਉਹ ਕੀ ਕਹਿਣਾ ਚਾਹ ਰਹੀ ਹੈ। ਜੂਲੀਆ ਨੂੰ ਅਹਿਸਾਸ ਹੋਇਆ ਕਿ ਸਿੰਥੀਆ ਖਤਰੇ ਵਿੱਚ ਹੈ। ਇਸ ਲਈ ਉਨ੍ਹਾਂ ਨੇ ਸਕੂਲ ਦੇ ਪ੍ਰਿੰਸੀਪਲ ਚਾਰਲੀ ਲਵਲੇਡੀ ਨੂੰ ਦੱਸਿਆ। ਇਸ ਪਿੱਛੋਂਉਨ੍ਹਾਂ ਨੇ ਸਟਾਫ ਦੇ ਰਾਹੀਂ ਐਂਬੂਲੈਂਸ ਨੂੰ ਫੋਨ ਕਰਵਾਇਆ।’

ਲਾਵਲੇਡੀ ਦੇ ਮੁਤਾਬਕ ਜਦ ਮੈਂ ਸਿੰਥੀਆ ਨਾਲ ਗੱਲ ਕੀਤੀ ਤਾਂ ਉਨ੍ਹਾਂ ਦੀ ਆਵਾਜ਼ ਮਿੰਟ-ਦਰ-ਮਿੰਟ ਲੜਖੜਾਈ ਜਾ ਰਹੀ ਸੀ। ਇਹ ਸਮਝ ਨਹੀਂ ਆ ਰਿਹਾ ਸੀ ਕਿ ਉਹ ਕੀ ਕਹਿਣਾ ਚਾਹੁੰਦੀ ਹੈ। ਮੈਨੂੰ ਪਤਾ ਸੀ ਕਿ ਇਸਸਟਰੋਕ ਦੇ ਕੀ ਲੱਛਣ ਹੁੰਦੇ ਹਨ, ਕਿਉਂਕਿ ਮੈਂ ਇਸ ਕਾਰਨ ਆਪਣਾ ਬਾਪ ਗੁਆਇਆ ਸੀ। ਇਸ ਲਈ ਮੈਂ ਉਨ੍ਹਾਂ ਦੀ ਮਦਦ ਕੀਤੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

jobs! jobs! jobs! jobs! jobs!

DUNDAS·JAFINE

## HELP WANTED
### ਕਾਮਿਆਂ ਦੀ ਲੋੜ
**ਜਨਰਲ ਲੇਬਰ ਦਾ ਕੰਮ ਉਪਲੱਬਧ ਹੈ**

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

CALL TODAY FOR ANY CLASSIFIED OR MATRIMONIAL AD !!!
905-793-2202

## GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date



Jagdish Grewal
Sales Representative

Residential | Commercial | Investment
(416) 970-5005

Century 21 President Realty Inc Brokerage
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

A/Z CITY DRIVER
WANTED
INNOVATION Transportation
- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

- 7 Days Work
- All Shifts Available

ਟੋਰਾਂਟੋ ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
- Complete Basement
- Tiles
- Bathrooms
- Plumbing
- Laminate
- Hardwood Floor
- Painting

info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
AL EMPLOYMENT SERVICES INC

Looking for Experienced:
- Machine Operators
- AZ-DZ Drivers
- Forklift Driver
- Machine Mechanic
- Millwright's

(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage



Kulwinder Chhina
SALES REPRESENTATIVE
647.293.2327
www.Kulwinderchhina.com

### CELLNTELL DISTRIBUTION INC
### 1-401 Traders Blvd E, Mississauga. ON

Requires F/T Permanent Position. "General Manager Financial Communication and Services to do the following:

- Create and establish finance operational methods /policies or strategies by evaluating trends to increase the growth of business.
- Determine the company's mission and strategic direction as conveyed through policies and concrete objectives which are met through the effective management of human, financial and material resources
- Authorize and organize the establishment of major departments and associated senior staff positions
- Plan, Monitor and review job contributions and compensation strategies.
- Establish productivity, quality and customer service strategies.
- Conduct operation strategies to improve, reduce cost and system enhancement.
- Monitor and Manage support services for accounts and finance. Facilitate coordination and communication between support functions.
- Represent the organization, or delegate representatives to act in negotiations or other official functions.

**Salary: $58 per hour with 35hrs week, Experience:5 yrs, Bachelor's Degree (Required) with English Proficiency.**
Email Resume : umar.w@cellntell.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

You can Place Your Business Here
(905)793-2202
To Reach Wider Audience

## ਲੜਕੀ ਦੀ ਲੋੜ

ਰਵਿਦਾਸ ਲੜਕਾ, ਉੱਮਰ 27 ਸਾਲ, ਕੱਦ 6'2'', ਕੈਨੇਡੀਅਨ ਪੀ ਆਰ, ਜੋਬ ਟਰੱਕ ਚਲਾਉਂਦਾ ਹੈ ਅਤੇ ਵੇਲ ਸਟੈਲਡ ਹੈ, ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ/ ਵਰਕ ਪਰਮਟ ਹੋਲਡਰ ਲੜਕੀਆਂ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਕਰੋ: 416-419-6097 ਜਾਂ 437-993-7620

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੇਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)



## Matrimonial
### ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ: ਇਸ ਸਮੇਂ ਵਿਜ਼ਿਟਰ ਵੀਜ਼ੇ ਉਤੇ ਕੈਨੇਡਾ ਵਿਚ ਰਹਿ ਰਹੇ ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤਪਾਤ ਦਾ ਕੋਈ ਫਰਕ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

ਸੁਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canda as the opportune prevail. Please contact (519) 351-8043 or B200348@gmail.com"

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5'-5'', MBA, ਕੈਨੇਡੀਅਨ ਪੀ ਆਰ ਵਧੀਆ ਜੋਬ ਕਰ ਰਹੀ ਲੜਕੀ ਲਈ ਜੱਟ ਸਿੱਖ ਪੜੇ ਲਿੱਖੇ,ਪੀ ਆਰ ਅਤੇ ਸੈਟਲਡ ਲੜਕੇ ਦੀ ਲੋੜ ਹੈ। ਟੋਰਾਂਟੋ/ਕੇਲਗਰੀ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ:647-569-3479 ਜਾਂ ਵਟਸਐਪ +91-94640-41287


ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'5'', ਕਨੈਡੀਅਨ ਪੀ ਆਰ, M.A B.Ed , ਚੰਗੀ ਜੋਬ ਕਰ ਰਹੀ ਲੜਕੀ ਲਈ ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 437-233-7609 । ਟੋਰਾਂਟੋ ਰਹਿੰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654



# UPPAL LAW



AVTAR UPPAL
Manager

**IMMIGRATION SERVICES**
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

**OTHER PRACTICES**
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters

AMAN UPPAL
Barrister,Solicitor

FREE Consultation

Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential ▪ Commercial ▪ Industrial
- Hotel • Motel • Exterior
- Interior • Spray Painting
- Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ


Ride Ontario's Heritage Railway
SPECIAL RIDES
FALL COLOURS TOURS
Starts From Sep 27
Reservation only
ਪੱਤਿਆਂ ਦੇ ਬਦਲਦੇ ਰੰਗਾਂ ਦਾ ਕੁਦਰਤੀ ਨਜਾਰਾ ਯਾਨੀ ਪਤਝੜ (Falls) ਦਾ ਇਸ ਵਾਰੀ Beeton Creek Valley ਵਿੱਚ South Simcoe ਦੀ Heritage Train ਰਾਹੀਂ ਆਪਣੇ ਪਰਿਵਾਰ ਸਮੇਤ ਆਨੰਦ ਮਾਣੋ
SOUTH SIMCOE RAILWAY
ONTARIO'S FIRST STEAM HERITAGE RAILWAY
TOTTENHAM
Ask about on-board Birthday Parties!
ਬਰੈਂਪਟਨ ਤੋਂ ਸਿਰਫ 20 ਮਿੰਟ ਦੀ ਦੂਰੀ ਤੇ
ਪਾਰਕਾਂ ਵਿੱਚ ਪਿਕਨਿਕ ਮਨਾਉਣ ਦਾ ਨਜ਼ਾਰਾ ਲੈਣ ਲਈ: www.tottenhamconservation.com
For complete information, fares & schedules, please visit southsimcoerailway.ca
GPS 44.01.19 N 79.48.27 W
or call:905.936.5815
VISA MasterCard Interac


ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!
afc
ASIAN FOOD CENTRE
VEGETARIAN FOOD
HEALTHY EATING
FRESH & LARGE VARIETY
Bread , Derry & Eggs
Branded Foods
Fruits & Vegetables
Beverages & Confectionery
Grocery & Staples
Sweet & Samosas
SERVING FROM ALL LOCATIONS IN GTA AREA:
10 Westmore Drive Etobicoke ON M9V-3Z7 416-740-3262
21 Lacoste Blvd, Brampton, ON L6P 2K2 905 794-8109
621 Wanless drive, # 122 Brampton ON L7A 0A9 905-495-3336
1075 Ceremonial Drive Mississauga ON L5R 2Z4 905-502-1600
80 Pertosa Drive Brampton ON L5X-5E9 905-460-0009
10510 Torbram Road, Brampton 905-790-0030
2120 North park Drive Brampton ON L6S 0C9 905-793-1338
10 Pannahill Dr, Brampton 905 913-8017

